Estd: 2000

ਫਰਬਰੀ/ Feb.- 2022
ਸਾਲ/ Year - 05
ਅੰਕ/ Edition - 11
ਸਫੇ/ Page - 16

Anual Subcription 500/-

Regd Office:
1195, Ajit Nagar
Moga-142001 (Punjab)

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' • ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ-ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPUN 04016 * Help Line: 9988-92-9988 * E-mail: mehakwattandi@rediffmail.com * www.mehakwatandilive.com



## ਚੰਦ ਪੁਰਾਣੇ ਦਾ ਸਾਲਾਨਾ ਸ਼ਹੀਦੀ ਜੋੜ ਮੇਲਾ

## 20 ਮਾਰਚ (7 ਚੇਤ) 2022 ਦਿਨ ਐਤਵਾਰ ਨੂੰ

ਆਪ ਸਭ ਸੰਗਤਾਂ ਨੂੰ ਪਹੁੰਚਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ ਜੀ।



ਮੁੱਖ ਸੇਵਾਦਾਰ : ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣਾ ਵਾਲੇ

* ਕੀ ਆਮ ਆਦਮੀ ਪਾਰਟੀ ਦੇ ਜਿੱਤਣ ਤੇ ਭਗਵੰਤ ਮਾਨ ਵਾਕਿਆ ਹੀ ਨੌਜਵਾਨਾਂ ਹੱਥੋਂ ਟੀਕੇ ਛੁਡਵਾ ਕੇ ਟਿਫਨ ਉਨ੍ਹਾਂ ਦੇ ਹੱਥੀਂ ਪਕੜਾ ਦੇਵੇਗਾ?



* ਲੀਡਰਾਂ ਵਿੱਚ ਹਫੜਾ-ਦਫੜੀ ਤੇ ਵੋਟਰ ਭੰਬਲਭੂਸੇ ਵਿੱਚ...
* ਚੰਗੇ ਸੀ ਪਹਿਲਾਂ ਘਰਾਂ ਵਿੱਚ ਹੋਣ ਵਾਲੇ ਵਿਆਹ



* 'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਖੱਬੀ ਬਾਂਹ ਸਨ ਢਾਡੀ ਸਾਧੂ ਸਿੰਘ ਧੰਮੂ

## ਨੌਰਵੇ ਦਾ ਖ਼ੂਬਸੂਰਤ ਸ਼ਹਿਰ ਕੌਂਗਸਬਰਗ (ਸਿਲਵਰ ਸਿਟੀ)

www.mehakwatandilive.com

Scanned with CamScanner

# ਅਲਵਿਦਾ ਢਾਡੀ ਸਾਧੂ ਸਿੰਘ ਧੰਮੂ . . .



ਸਿੱਖ ਕੌਮ ਦੇ ਮਹਾਨ ਪ੍ਰਚਾਰਕ ਢਾਡੀ ਸਾਧੂ ਸਿੰਘ ਧੰਮੂ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ। ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

**ਗੁਰੂ ਨਾਨਕ ਦਰਬਾਰ (ਨਾਨਕਸਰ ਠਾਠ ਮੰਡੀਰਾਂ)**





ਮੁੱਖ ਸੇਵਾਦਾਰ

**ਸ੍ਰੀ ਮਾਨ ਸੰਤ ਬਾਬਾ ਬਲਦੇਵ ਸਿੰਘ ਜੀ**

ਮੁੱਖ ਪ੍ਰਬੰਧਕ

ਭਾਈ ਹਰਪ੍ਰੀਤ ਸਿੰਘ 'ਰੋਨੀ', ਮੋ. 99149-01113

---

## ਦਿਲੀ ਸ਼ਰਧਾਂਜਲੀ



ਸਿੱਖ ਕੌਮ ਦੇ ਮਹਾਨ ਪ੍ਰਚਾਰਕ ਢਾਡੀ ਸਾਧੂ ਸਿੰਘ ਧੰਮੂ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ। ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

**ਸੰਤ ਬਾਬਾ ਰੇਸ਼ਮ ਸਿੰਘ ਜੀ ਖ਼ਾਲਸਾ**

ਮੁੱਖ ਸੇਵਾਦਾਰ : ਗੁ. ਸਾਹਿਬ ਦੁੱਖ ਭੰਜਨਸਰ ਸਾਹਿਬ, ਖੁਖਰਾਣਾ

ਸੀਨੀ. ਮੀਤ ਪ੍ਰਧਾਨ ਗੁਰ ਸ਼ਬਦ ਪ੍ਰਚਾਰ ਸੰਤ ਸਮਾਜ

ਮੈਂਬਰ ਖ਼ਾਲਸਾ ਐਕਸ਼ਨ ਕਮੇਟੀ

ਮੋ. 98153-11318, 77107-11318

---

## ਦਿਲੀ ਸ਼ਰਧਾਂਜਲੀ

ਸਿੱਖ ਕੌਮ ਦੇ ਮਹਾਨ ਪ੍ਰਚਾਰਕ ਢਾਡੀ ਸਾਧੂ ਸਿੰਘ ਧੰਮੂ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ। ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।



ਮੁੱਖ ਸੇਵਾਦਾਰ

**ਬਾਬਾ ਬੌਜਾ ਸਿੰਘ ਜੀ**

ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ (ਜਲੰਧਰ)

ਮੋ. 84381-13000

---



ਸਮੂਹ ਸਾਧ ਸੰਗਤ ਜੀ ਨੂੰ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਦੀਆਂ ਲੱਖ-ਲੱਖ ਮੁਬਾਰਕਾਂ !

**ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ**

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

## ਦਿਲੀ ਸ਼ਰਧਾਂਜਲੀ

ਸਿੱਖ ਕੌਮ ਦੇ ਮਹਾਨ ਪ੍ਰਚਾਰਕ ਢਾਡੀ ਸਾਧੂ ਸਿੰਘ ਧੰਮੂ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ। ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।





ਸੇਵਾਦਾਰ

**ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ**

ਸੰਪਰਕ : 62800-15996

ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ

Scanned with CamScanner

## ਸੰਪਾਦਕ ਦੀ ਕਲਮ 'ਚੋਂ ...

**ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ**

# ਲੀਡਰਾ ਵਿੱਚ ਹਫੜਾ-ਦਫੜੀ ਤੇ ਵੋਟਰ ਭੰਬਲਭੂਸੈ

ਅੱਜ ਰਾਜਨੀਤੀ ਹਾਸੋਹੀਣੀ ਅਤੇ ਪੈਸੇ ਵਾਲੀਆਂ ਦੀ ਰਖੇਲ ਬਣ ਕੇ ਰਹਿ ਗਈ ਹੈ। ਅੱਜ ਕੋਈ ਵੀ ਸਿਆਸੀ ਪਾਰਟੀ ਆਪਣੇ ਅਸੂਲਾਂ ਅਤੇ ਆਪਣੇ ਵਰਕਰਾਂ ਪ੍ਰਤੀ ਵਫਾਦਾਰ ਨਹੀਂ ਰਹੀ ਹੈ। ਅੱਜ ਵੱਡੇ ਤੋਂ ਵੱਡੇ ਅਤੇ ਜਿੱਤੇ ਹੋਏ ਲੀਡਰਾਂ ਹੀ ਨਹੀਂ ਬਲਕਿ ਆਪਣੇ ਪਾਰਟੀ ਲਈ ਸਿਰਤੋੜ ਮਿਹਨਤ ਕਰਨ ਵਾਲੇ ਟਕਸਾਲੀ ਲੀਡਰਾਂ ਨੂੰ ਵੀ ਨਹੀਂ ਪਤਾ ਕਿ ਉਨ੍ਹਾਂ ਦੀ ਪਾਰਟੀ ਉਨ੍ਹਾਂ ਨੂੰ ਟਿਕਟ ਦੇਵੇਗੀ ਕਿ ਨਹੀਂ। ਅੱਜ ਇਲੈਕਸ਼ਨ ਜਿੱਤਨ ਤੋਂ ਪਹਿਲਾ ਟਿੱਕਟ ਮਿਲਣਾ ਵੀ ਵੱਡੀ ਜਿੱਤ ਹੀ ਹੈ।

ਪੰਜਾਬ ਦੇ ਸਿਆਸੀ ਇਤਿਹਾਸ ਵਿੱਚ ਐਤਕੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਭ ਤੋਂ ਜਿਆਦਾ ਲੀਡਰਾ ਨੇ ਆਪਣੇ ਦਲ ਬਦਲੇ ਹਨ। ਏਸੇ ਸਬੰਧ ਵਿੱਚ ਸ਼ੋਸਲ ਮੀਡੀਆ ਵਿੱਚ ਵੀ ਇਸ ਬਾਰੇ ਕਈ ਮਜਾਕੀਆਂ ਪੋਸਟਾ ਵਾਈਰਲ ਹੋ ਰਹੀਆਂ ਹਨ ਜੋ ਕਿਤੇ ਨਾ ਕਿਤੇ ਸਚਾਈ ਵੀ ਬਿਆਨ ਕਰਦੀਆ ਹਨ ਜਿਵੇਂ ਪੋਸਟ ਵਿੱਚ ਲੀਡਰ ਵਜੋਂ ਬਿਆਨ ਕੀਤਾ ਦਰਸਾਇਆ ਗਿਆ ਹੈ ਕਿ ਜੇਕਰ ਕਾਂਗਰਸ ਤੋਂ ਟਿਕਟ ਨਾ ਮਿਲੀ ਅਕਾਲੀਆਂ ਵੱਲੋਂ ਚੋਣ ਲੜਾਂਗੇ, ਜੇਕਰ ਅਕਾਲੀਆਂ ਤੋਂ ਟਿਕਟ ਨਾ ਮਿਲੀ ਆਮ ਆਦਮੀ ਪਾਰਟੀ ਵੱਲੋਂ ਚੋਣ ਲੜਾਂਗੇ, ਜੇਕਰ ਆਮ ਆਦਮੀ ਪਾਰਟੀ ਵੱਲੋਂ ਟਿਕਟ ਨਾ ਮਿਲੀ ਸੰਯੁਕਤ ਸਮਾਜ ਪਾਰਟੀ ਵੱਲੋਂ ਚੋਣ ਲੜਾਂਗੇ, ਸੰਯੁਕਤ ਸਮਾਜ ਪਾਰਟੀ ਵੱਲੋਂ ਨਾ ਟਿਕਟ ਮਿਲੀ ਤਾਂ ਭਾਜਪਾ ਵੱਲੋਂ ਚੋਣ ਲੜਾਂਗੇ... ਪਰ ਪੰਜਾਬ ਦਾ ਵਿਕਾਸ ਕਰ ਕੇ ਛੱਡਾਂਗੇ। ਚਾਹੇ ਇਹ ਇੱਕ ਵਿਅੰਗ ਹੈ ਪਰ ਇਹ ਪੋਸਟ ਬਿਲਕੁੱਲ ਸਚਾਈ ਬਿਆਨ ਕਰਦੀ ਹੈ ਅੱਜ ਬਹੁੱਤੇ ਲੀਡਰਾਂ ਦੀ ਆਪਣੀ ਪਾਰਟੀ ਪ੍ਰਤੀ ਕੋਈ ਵੀ ਵਫਾਦਾਰੀ ਨਹੀਂ ਉਹ ਸਿਰਫ ਟਿਕਟ ਲੈਣ ਲਈ ਹੀ ਪਾਰਟੀ ਨਾਲ ਜੁੜੇ ਹੁੰਦੇ ਹਨ। ਅੱਜ ਕੱਲ੍ਹ ਸਿਆਸੀ ਪਾਰਟੀਆ ਵੀ ਆਪਣੇ ਵਰਕਰਾਂ ਦੀ ਮਿਹਨਤ ਵੇਖਣ ਦੀ ਬਜਾਏ ਆਪਣੀ ਪਾਰਟੀ ਦੀਆਂ ਟਿਕਟਾ ਪਾਰਟੀ ਫੰਡ ਦੇ ਨਾਮ ਤੇ ਵੇਚਦੀਆਂ ਹਨ। ਇਨ੍ਹਾਂ ਕਾਰਨ ਕਰਕੇ ਪਿਛਲੇ ਮਹੀਨੇ ਤੋਂ ਲੀਡਰਾਂ ਵਿੱਚ ਹਥੜਾ-ਦਫੜੀ ਮੱਚੀ ਹੋਈ ਹੈ। ਲੀਡਰ ਡੱਡੂ ਵਾਗ ਛਾਲ ਮਾਰ ਕੇ ਦਲ ਬਦਲ ਲੈਦੇ ਹਨ ਅਤੇ ਉਸ ਪਾਰਟੀ ਦੇ ਅਤੇ ਲੀਡਰ ਦੇ ਸਮਰਥਕ ਵਿੱਚ ਵਿਚਾਲੇ ਫਸ ਜਾਦੇ ਹਨ। ਜਾਂ ਉਹਨਾਂ ਨੂੰ ਆਪਣੀ ਪਾਰਟੀ ਛੱਡਣੀ ਪੈਦੀ ਹੈ ਜਾਂ ਆਪਣਾ ਲੀਡਰ। ਬਣਿਆ ਬਣਾਇਆ ਪਲੇਟ ਫਾਰਮ ਦੋ-ਫਾੜ ਹੋ ਜਾਦਾ ਹੈ। ਵੋਟਰਾਂ ਨੂੰ ਵੀ ਸਮਝ ਨਹੀਂ ਆਉਦੀ ਕਿ ਉਹ ਕਿਸ ਲੀਡਰ ਨੂੰ ਵੋਟ ਪਾਉਣ ਜਾਂ ਕਿਸ ਪਾਰਟੀ ਨੂੰ ਵੋਟ ਪਾਉਣ। ਇਸ ਲਈ ਵੋਟਰ ਵੀ ਭੰਬਲਭੂਸੇ ਵਿੱਚ ਹਨ। ਸਿਆਸਤ ਵਿੱਚ ਆ ਚੁੱਕੇ ਇੰਨੇ ਗੰਦਲੇਪਣ ਕਾਰਨ ਅੱਜ ਵਾਕਿਆ ਹੀ ਲੀਡਰਾ ਵਿੱਚ ਹਫੜਾ-ਦਫੜੀ ਤੇ ਵੋਟਰ ਭੰਬਲਭੂਸੈ ਵਿੱਚ ਹਨ।

ਜਿਉਂ-ਜਿਉਂ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ। ਸਾਰੀਆਂ ਸਿਆਸੀ ਪਾਰਟੀਆਂ ਦਾ ਆਪਣਾ ਅੱਡੀ ਚੋਟੀ ਦਾ ਜੋਰ ਲੱਗਾ ਹੋਇਆ ਹੈ। ਹਰੇਕ ਨੇ ਆਪਣੇ ਆਪ ਨੂੰ ਦੁੱਧ ਧੋਤਾ ਅਤੇ ਵਿਰੋਧੀ ਨੂੰ ਚੋਰ ਸਾਬਿਤ ਕਰਨ ਲਈ ਲੋਕਾਂ ਦੀ ਕਚਹਿਰੀ ਵਿਚ ਪਹੁੰਚਣਾ ਸ਼ੁਰੂ ਕਰ ਰਿਹਾ ਹੈ। ਲੀਡਰ ਚਿਕਨੀਆਂ ਚੋਪੜੀਆਂ ਗੱਲਾਂ ਕਰਕੇ ਲੋਕਾਂ ਨੂੰ ਭਰਮਾਉਣ ਦੀ ਕੋਸ਼ਿਸ ਕਰ ਰਹੇ ਹਨ। ਗੱਲ ਕੀ ਸਿਆਸੀ ਅਖਾੜਾ ਪੂਰੀ ਤਰ੍ਹਾਂ ਮਘਿਆ ਹੋਇਆ ਹੈ। ਇਸ ਵਕਤ ਹਰ ਪਾਰਟੀ ਹਰੇਕ ਸੀਟ 'ਤੇ ਆਪਣਾ ਹੀ ਕਬਜ਼ਾ ਹੋਣ ਦੇ ਦਾਅਵੇ ਕਰ ਰਹੀ ਹੈ। ਜਦ ਕਿ ਅਸਲ ਵਿੱਚ ਕਿਸੇ ਦੇ ਪੱਲੇ ਕੱਖ ਵੀ ਨਹੀਂ ਹੈ ਤਾਂਹੀ ਵੋਟਰਾਂ ਨੂੰ ਮੁਫਤ ਦੀ ਚੀਜਾਂ ਦੇਣ ਦੇ ਲਾਰਿਆਂ ਨਾਲ ਭਰਮਾਇਆ ਜਾ ਰਿਹਾ ਹੈ। ਬੀਤੇ ਸਮੇਂ ਵਿੱਚ ਕੀਤੇ ਕਾਰਜਾਂ ਦੀ ਕਿਸੇ ਕੋਲ ਕੋਈ ਠੋਸ ਦਲੀਲ ਨਹੀਂ ਹੈ। ਆਪਣੇ ਪੰਜ ਸਾਲ ਵਿਚ ਕੀਤੇ ਜਾਣ ਵਾਲੇ ਵਿਕਾਸ ਦੀ ਦੁਹਾਈ ਪਾਈ ਜਾ ਰਹੀ ਹੈ।

ਲੋਕਾਂ ਦੇ ਠੱਪ ਹੋਏ ਬਿਜਨੈਸ, ਬੇਰੁਜਗਾਰੀ, ਅੰਤਾਂ ਦੀ ਮਹਿੰਗਾਈ, ਗੈਸ ਤੇ ਤੇਲ ਦੀਆਂ ਸਿਰ ਚੜ੍ਹੀਆਂ ਕੀਮਤਾਂ, ਸਿਆਸੀ ਲੋਕਾਂ ਨੂੰ ਲਾਹਨਤਾਂ ਪਾ ਰਹੀਆਂ ਹਨ। ਲੋਕਾਂ ਨੂੰ ਮੁਫਤ ਦੀ ਚੀਜਾਂ ਦੇ ਕੇ ਮੰਗਤੇ ਬਣਾਉਣ ਦੀ ਯੋਜਨਾ ਸਿਖਰਾਂ ਤੇ ਹੈ ਜਿਸ ਦਾ ਸੂਝਵਾਨ ਲੋਕਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਕਿਸਾਨ ਵਿਰੋਧ ਕਾਲੇ ਕਾਨੂੰਨਾਂ ਖਿਲਾਫ ਹੋਏ ਅੰਦੋਲਨ ਨੇ ਪੰਜਾਬੀਆਂ ਵਿੱਚ ਨਵਾਂ ਜੋਸ਼ ਭਰ ਦਿੱਤਾ ਸੀ ਪਰ ਕਿਸਾਨ ਆਗੂ ਖੁਦ ਸਿਆਸਤ ਵਿੱਚ ਧਸ ਗਏ ਹਨ। ਲੋਕਾਂ ਦਾ ਉਨ੍ਹਾਂ ਤੋਂ ਵੀ ਮੋਹ ਭੰਗ ਹੋਣ ਲੱਗਾ ਹੈ।

ਅੱਜ ਦੇ ਸਮੇਂ ਹਰ ਵੋਟਰ ਡਾਵਾਂਡੋਲ ਹੈ ਕਿ ਉਹ ਕਿਸ ਸਿਆਸੀ ਪਾਰਟੀ ਜਾਂ ਕਿਸ ਲੀਡਰ ਨੂੰ ਵੋਟਾ ਦੇਣ। ਕਿਹੜੀ ਅਜਿਹੀ ਪਾਰਟੀ ਹੈ ਜੋ ਉਨ੍ਹਾਂ ਦੇ ਸੋਚਾਂ ਤੇ ਖਰੀ ਉਤਰੇਗੀ। ਅੱਜ ਦੇ ਵੋਟਰ ਸਿਆਸੀ ਲੋਕਾਂ ਦੀਆਂ ਲੂੰਬੜ ਚਾਲਾਂ ਸਮਝ ਚੁੱਕੇ ਹਨ ਪਰ ਉਨ੍ਹਾਂ ਕੋਲ ਇਸ ਦਾ ਕੋਈ ਬਦਲ ਨਹੀਂ ਹੈ। ਸਭ ਨੂੰ ਪਤਾ ਹੈ ਕਿ ਵੱਡੇ-ਵੱਡੇ ਫਲੈਕਸ ਬੋਰਡ ਲਗਾਕੇ, ਅਖ਼ਬਾਰਾਂ ਵਿਚ ਵੱਡੇ-ਵੱਡੇ ਇਸ਼ਤਿਹਾਰ ਦੇ ਕੇ ਜਾਂ ਕਈ-ਕਈ ਕਰੋੜ ਖਰਚ ਕੇ ਵੱਡੀਆਂ-ਵੱਡੀਆਂ ਰੈਲੀਆਂ ਕਰਨ ਦਾ ਖਰਚਾ ਲੀਡਰਾਂ ਨੇ ਦੋ ਨੰਬਰ ਦੀ ਕਮਾਈ ਕਰਕੇ ਹੀ ਪੂਰਾ ਕਰਨਾ ਹੈ ਜਿਸ ਦਾ ਭਾਰ ਆਮ ਲੋਕਾਂ ਤੇ ਹੀ ਪੈਣਾ ਹੈ।

ਜਿਸ ਭਾਜਪਾ ਦਾ ਅੱਜ ਤੋਂ ਕੁੱਝ ਮਹੀਨੇ ਪਹਿਲਾ ਬੱਚੇ-ਬੱਚੇ ਨੇ ਵਿਰੋਧ ਕੀਤਾ ਸੀ ਅੱਜ ਫਿਰ ਕਈ ਲੋਕ ਉਸੇ ਭਾਜਪਾ ਦੇ ਨਾਲ ਤੁਰੇ ਫਿਰਦੇ ਹਨ। ਬਹੁੱਤੇ ਲੀਡਰ ਅੱਜ ਫਿਰ ਭਾਜਪਾ ਦੀ ਟਿਕਰ ਤੇ ਚੋਣ ਮੈਦਾਨ ਵਿੱਚ ਉਤਰ ਰਹੇ ਹਨ। ਕਈਆਂ ਲੋਕਾਂ ਵੱਲੋਂ ਭਾਜਪਾ ਦਾ ਵਿਰੋਧ ਝਲਕਦਾ ਹੈ ਉਹ ਨਹੀਂ ਭੁਲੇ ਕੇ ਦਿੱਲੀ ਅੰਦੋਲਣ ਵਿੱਚ ਉਨ੍ਹਾਂ ਨੇ ਆਪਣੇ ਤਕਰੀਬਨ 750 ਭੈਣ-ਭਰਾ ਗਵਾਏ ਹਨ। ਉਹ ਨਹੀਂ ਭੁੱਲੇ ਕਿ ਅਸੀਂ ਓਹੀ ਹਾਂ ਜਿਨ੍ਹਾਂ ਨੂੰ ਮੋਦੀ ਨੇ ਅੱਤਵਾਦੀ, ਵੱਖਵਾਦੀ, ਅੰਦੋਲਣਜੀਵੀ ਕਿਹਾ ਸੀ। ਉਹ ਨਹੀਂ ਭੁੱਲੇ ਕਿ ਅਸੀਂ ਉਹੀ ਹਾਂ ਜਿਨ੍ਹਾਂ ਦੇ ਸ਼ਾਂਤਮਈ ਸੰਘਰਸ਼ ਨੂੰ ਰੋਕਣ ਲਈ ਮੋਦੀ ਸਰਕਾਰ ਵੱਲੋਂ ਪੱਥਰ ਰੱਖੇ, ਬੈਰੀਕੇਟ ਲਾਏ, ਪਾਣੀ ਦੀਆਂ ਬੁਛਾਰਾਂ ਛੱਡੀਆਂ, ਸੜਕਾਂ ਪੱਟੀਆਂ ਅਤੇ ਕਿੱਲ ਗੱਡੇ ਸਨ। ਕੀ ਅੱਜ ਮੋਦੀ ਸਿਆਸਤ ਦਾਨ ਹੁੰਦੇ ਹੋਏ ਪੰਜਾਬੀਆਂ ਦੇ ਦਿਲ ਜਿੱਤ ਸਕੇਗਾ ਜਾਂ ਪਹਿਲੀਆਂ ਰਵਾਇਤੀ ਪਾਰਟੀਆਂ ਜਿੱਤ ਦਾ ਬਿਗਲ ਵਜਾਉਗੀਆਂ ਜਾਂ ਫਿਰ ਸਿਆਸਤ ਵਿੱਚ ਕੋਈ ਬਦਲਾਅ ਆਵੇਗਾ, ਇਹ ਸਭ ਅਜੇ ਭਵਿੱਖ ਦੇ ਗਰਭ ਵਿੱਚ ਹੈ।

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
# ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd. No. PUNPUN 04016 | Year 05 | Edition 11 | Issue Date: 15-Feb.-2022

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਸੰਪਾਦਕ : ਕੁਲਵਿੰਦਰ ਸਿੰਘ ਤਾਰੇਵਾਲਾ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਧਾਰਮਿਕ ਸੰਪਾਦਕ : ਮਹਿੰਦਰ ਸਿੰਘ ਮੇਹਨਤੀ
ਸਾਹਿਤਕ ਸੰਪਾਦਕ : ਜਸਵੀਰ ਪੁੜੈਣ
ਇੰਚਾਰਜ (ਪ੍ਰਿੰਟ ਐਡੀਸ਼ਨ) : ਸੁਖਜੀਤ ਸਿੰਘ, ਜਲੰਧਰ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਪ੍ਰੈਸ ਫੋਟੋਗ੍ਰਾਫਰ/ਕੈਮਰਾਮੈਨ : ਮਨਮੋਹਨ ਸਿੰਘ ਚੀਮਾ




ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਦਰਸ਼ਕਾਂ ਨਾਲ ਸਾਂਝਾ ਕਰੋ!

## 'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ !

...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਮੈਗਜ਼ੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਂਝੀਆਂ ਕਰੋ।

'ਮਹਿਕ ਵਤਨ ਦੀ ਲਾਈਵ' ਆਨਲਾਈਨ ਅਖਬਾਰ, ਵੈਬ ਟੀ.ਵੀ. ਅਤੇ ਮਾਸਿਕ ਮੈਗਜੀਨ ਵਿੱਚ ਬਹੁਤ ਥੋੜੇ ਖਰਚ ਤੇ ਆਪਣੇ ਇਸ਼ਤਿਹਾਰ ਦੇ ਕੇ ਜਿਆਦਾ ਲਾਭ ਪ੍ਰਾਪਤ ਕਰੋ ਜੀ।



Chief Editor:
Bhawandeep Singh Purba

ਮਹਿਕ ਵਤਨ ਦੀ Web TV
'Mehak Watan Di Live' ● ਲਾਈਵ

ਇਸ਼ਤਿਹਾਰ ਦਾ ਫੁੱਲ ਪੇਕੇਜ ਲੈਣ ਲਈ ਵੀ ਸੰਪਰਕ ਕਰੋ!

ਪੱਤਰਕਾਰ ਬਨਣ ਲਈ ਅਤੇ ਹਰ ਪ੍ਰਕਾਰ ਦੀ ਜਾਣਕਾਰੀ ਲਈ ਸੰਪਰਕ ਕਰੋ:

**Help Line: 9988 92 9988**

www.mehakwatandilive.com

ਸਵ. ਢਾਡੀ ਸਾਧੂ ਸਿੰਘ ਧੰਮੂ ਦੀਆਂ 'ਮਹਿਕ ਵਤਨ ਦੀ ਲਾਈਵ' ਬਿਓਰੋ ਵਿੱਚ ਨਿਭਾਈਆਂ ਗਈਆਂ ਵਿਸ਼ਾਲ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਦੇ ਬੇਟੇ ਭਾਈ ਮਹਿੰਦਰ ਸਿੰਘ ਮੇਹਨਤੀ ਨੂੰ ਬਿਓਰੋ ਵਿੱਚ ਧਾਰਮਿਕ ਸੰਪਾਦਕ ਨਿਯੁਕਤ ਕੀਤਾ ਜਾ ਰਿਹਾ ਹੈ।

\- ਮੁੱਖ ਸੰਪਾਦਕ



ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

**ਵਿਸ਼ੇਸ਼ ਨੋਟ**

'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ ਸਿਰਫ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਹੀ ਸੰਪਰਕ ਕੀਤਾ ਜਾਵੇ।

Scanned with CamScanner




# ਇਤਿਹਾਸ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦਪੁਰਾਣਾ



ਧੰਨ-ਧੰਨ ਸ਼ਹੀਦ ਬਾਬਾ ਤੇਗਾ ਸਿੰਘ ਜੀ

**ਸਾਲਾਨਾ ਬਰਸੀ 'ਤੇ ਵਿਸ਼ੇਸ਼**

## ਇਤਿਹਾਸ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦਪੁਰਾਣਾ

ਇਸੇ ਨਗਰ ਪਿੰਡ ਚੰਦ ਪੁਰਾਣਾ ਦੇ ਮਹਾਨ ਸੂਰਬੀਰ ਯੋਧੇ ਬਾਬਾ ਤੇਗਾ ਸਿੰਘ ਜੀ ਹੋਏ ਸਨ ਆਪ ਜੀ ਚਾਰ ਭਰਾ ਸਨ ਅਤੇ ਬਾਬਾ ਜੀ ਸਾਰਿਆਂ ਤੋਂ ਛੋਟੇ ਸਨ, ਬਾਬਾ ਜੀ ਦਾ ਛੋਟੀ ਉਮਰ ਵਿਚ ਹੀ ਗੁਰੂ ਘਰ ਨਾਲ ਬਹੁਤ ਪਿਆਰ ਅਤੇ ਸੇਵਾ ਸਿਮਰਨ ਭਜਨ ਬੰਦਗੀ ਕਰਨ ਵਾਲੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲੇ ਸਨ ਛੇਵੇ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸੇਵਕਾਂ ਵਿਚੋਂ ਸਨ। ਬਾਬਾ ਤੇਗਾ ਸਿੰਘ ਜੀ ਜਦ ਜਵਾਨ ਅਵਸਥਾ ਵਿਚ ਹੋਏ ਤਾਂ ਉਸ ਸਮੇਂ ਮੁਗਲਾਂ ਦਾ ਰਾਜ ਸੀ ਅਤੇ ਮੁਗਲ ਬਾਦਸ਼ਾਹੀਆਂ ਕਰਦੇ ਸਨ ਅਤੇ ਮੁਗਲਾਂ ਦੇ ਟੋਲੇ ਧੀਆਂ-ਭੈਣਾਂ ਦੀਆਂ ਇੱਜਤਾਂ ਲੁੱਟਣ ਲਈ ਜਬਰਦਸਤੀ ਚੁੱਕ ਕੇ ਲੈ ਜਾਂਦੇ ਸਨ, ਕਿਸੇ ਦੀ ਕੋਈ ਪੁੱਛਗਿੱਛ ਨਹੀਂ ਸੀ, ਕਿਉਂਕਿ ਸਰਕਾਰੇ-ਦਰਬਾਰੇ ਮੁਗਲਾਂ ਦਾ ਦਬਦਬਾ ਸੀ ਇਹਨਾਂ ਨਾਲ ਟੱਕਰ ਲੈਣ ਦੀ ਜੁਅੱਰਤ ਕੋਈ ਵੀ ਨਹੀਂ ਰੱਖਦਾ ਸੀ ਪਰ ਇਹ ਲੁੱਟ ਖਸੁੱਟ ਬਾਬਾ ਜੀ ਸਹਾਰ ਨਾ ਸੱਕੇ ਅਤੇ ਮੁਗਲਾਂ ਨਾਲ ਟੱਕਰ ਲੈਣ ਦਾ ਮਨ ਬਣਾ ਲਿਆ ਅਤੇ ਗੁਰੂਆਂ ਤੋਂ ਆਸ਼ੀਰਵਾਦ ਲੈ ਕੇ ਪਿੰਡ ਦੀ ਹੱਦ ਬੰਦੀ ਤੇ ਆਪਣੇ ਸਾਥੀ ਸਿੰਘਾਂ ਨਾਲ ਲੈ ਕੇ ਮੁਗਲਾਂ ਦੀ ਫੌਜ ਤੇ ਹੱਲਾ ਬੋਲ ਦਿਤਾ ਤਾਂ ਮੁਗਲਾਂ ਨੂੰ ਭਾਜੜਾ ਪੈ ਗਈਆਂ, ਬਾਬਾ ਜੀ ਦੇ ਸਾਥੀ ਵੀ ਸ਼ਹੀਦ ਹੋ ਗਏ। ਬਾਬਾ ਜੀ ਇੱਕੱਲੇ ਹੀ ਲੜ ਰਹੇ ਸਨ ਮੁਗਲ ਫੌਜ ਦੇ ਪੈਰ ਹਿਲਾ ਦਿੱਤੇ, ਕੁਝ ਮੁਗਲ ਫੌਜ ਮਾਰੀ ਗਈ ਅਤੇ ਬਾਕੀ ਭੱਜ ਗਈ ਬਾਬਾ ਤੇਗਾ ਸਿੰਘ ਜੀ ਇਸ ਲੜਾਈ ਵਿਚ ਬਹੁਤ ਹੀ ਜ਼ਖਮੀ ਹੋ ਗਏ। ਜਿੱਤ ਪ੍ਰਾਪਤ ਕਰਕੇ ਪਿੰਡ ਵੱਲ ਨੂੰ ਵਾਪਿਸ ਆ ਰਹੇ ਸਨ ਤਾਂ ਰਸਤੇ ਵਿਚ ਜਖਮਾਂ ਦੀ ਤਾਬ ਨਾਂ ਸਹਾਰਦੇ ਹੋਏ ਘੋੜੇ ਸਮੇਤ ਇਸ ਅਸਥਾਨ ਤੇ ਜੋਤੀ ਜੋਤ ਸਮਾਂ ਗਏ, ਜਿਥੇ ਉਹ ਪ੍ਰਾਤਣ ਬੇਰੀ ਅੱਜ ਵੀ ਮਜੂਦ ਹੈ, ਜਿਸ ਨੂੰ ਬੜੇ ਮਿੱਠੇ ਬੇਰ ਲੱਗਦੇ ਹਨ ਅੱਜ ਇਹ ਵਿਸ਼ਾਲ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

ਧੰਨ ਧੰਨ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਦਰੋ-ਘਰੋਂ ਵਰੋਸਾਏ ਹੋਏ ਸੰਤ ਬਾਬਾ ਨਛੱਤਰ ਸਿੰਘ ਜੀ ਜਿਨ੍ਹਾਂ ਦਾ ਜਨਮ 12.2.1969 ਨੂੰ ਸਵ. ਬਾਬਾ ਭਜਨ ਸਿੰਘ ਦੇ ਘਰ ਸਤਿਕਾਰਯੋਗ ਮਾਤਾ ਮੁਖਤਿਆਰ ਕੌਰ ਜੀ ਦੀ ਕੁੱਖੋਂ ਹੋਇਆ, ਜੋ ਬਚਪਨ ਤੋਂ ਸਾਧੂ ਸੁਭਾਅ ਦੇ ਮਾਲਕ ਸਨ। ਉਹ ਹਮੇਸ਼ਾ ਆਪਣੇ ਪਿਤਾ ਪਰਿਵਾਰ ਨਾਲ ਦੱਸਾ ਨੌਹਾਂ ਦੀ ਕਿਰਤ ਕਰਦੇ ਹੋਏ ਹਮੇਸ਼ਾ ਵਾਹਿਗੁਰੂ ਦੇ ਨਾਮ ਵਿਚ ਰੰਗੇ ਰਹਿੰਦੇ ਸਨ। ਉਨ੍ਹਾਂ ਨੂੰ ਘਰ ਦੇ ਤੇ ਬਾਹਰਲੇ ਸਭ ਇਕ ਬਰਾਬਰ ਲੱਗਦੇ ਸਨ ਤੇ ਧੰਨ-ਧੰਨ ਸ਼ਹੀਦ ਬਾਬਾ ਤੇਗਾ ਸਿੰਘ ਦੇ ਪਵਿੱਤਰ ਅਸਥਾਨ ਤੇ ਬਾਬਾ ਭਜਨ ਸਿੰਘ ਜੀ ਦੇ ਨਾਲ ਹਮੇਸ਼ਾ ਆਉਂਦੇ ਸਨ ਤੇ ਹਰ ਰੋਜ਼ ਬਾਬਿਆਂ ਦੀਆਂ ਗੱਲਾਂ ਕਰਦੇ ਰਹਿਣਾ ਜੋ ਬਚਨ ਮੂੰਹ 'ਚੋਂ ਬੋਲਣਾ ਪੂਰਾ ਹੋ ਜਾਣਾ। ਇਹ ਪਵਿੱਤਰ ਅਸਥਾਨ ਜੋ ਪਹਿਲਾਂ ਤਿੰਨ ਮਰਲੇ ਵਿਚ ਸੀ ਉਸ ਨੂੰ ਅੱਗੇ ਵਧਾਉਣ ਲਈ 1994 ਵਿਚ ਆਪ ਸੰਗਤਾਂ ਦੀ ਹਾਜ਼ਰੀ ਵਿਚ ਇਸ ਅਸਥਾਨ ਦੀ ਨੀਂਹ ਰੱਖੀ ਅਤੇ ਸ਼ਕਤੀ ਵਾਲੇ ਅਸਥਾਨ ਨੂੰ ਪ੍ਰਗਟ ਕੀਤਾ, ਜੋ ਅੱਜ 8 ਏਕੜ ਵਿਚ ਫੈਲ ਚੁੱਕਾ ਹੈ ਅਤੇ ਵਰਲਡ ਵਿਚ ਜਾਣਿਆ ਜਾਣ ਲੱਗਾ ਹੈ। ਇਸ ਅਸਥਾਨ ਤੇ 18 ਸਾਲ ਸੱਚਖੰਡਵਾਸੀ ਸੰਤ ਬਾਬ ਨਛੱਤਰ ਸਿੰਘ ਜੀ ਨੇ ਗ੍ਰਹਿਸਤੀ ਜੀਵਨ ਤੋਂ ਪਾਸੇ ਰਹਿੰਦਿਆਂ ਭਗਤੀ ਕੀਤੀ। ਉਨ੍ਹਾਂ ਅਨੇਕਾਂ ਸਮਾਜ ਭਲਾਈ ਦੇ ਕੰਮ ਕੀਤੇ ਅਤੇ ਸ਼ੁਰੂ ਕਰਵਾਏ ਤੇ ਬਚਨ ਕੀਤਾ ਕਿ ਇਹ ਹਮੇਸ਼ਾ ਚਲਦੇ ਰਹਿਣਗੇ। ਉਨ੍ਹਾਂ ਜਾਤ-ਪਾਤ ਦਾ ਭੇਦ ਨਾ ਰੱਖਿਆ। ਗਰੀਬਾਂ, ਲੋੜਵੰਦਾਂ ਦੀ ਸਹਾਇਤਾ ਕੀਤੀ ਜਿਵੇਂ ਗਰੀਬ ਪਰਿਵਾਰਾਂ ਨੂੰ ਰਾਸ਼ਨ ਵੰਡਣਾ, ਖਿਡਾਰੀਆਂ ਨੂੰ ਵੱਡੇ-ਵੱਡੇ ਇਨਾਮ ਦੇ ਕੇ ਸਨਮਾਨ ਕਰਨਾ, ਟੂਰਨਾਮੈਂਟ ਕਰਵਾਉਣੇ, ਭਰੂਣ ਹੱਤਿਆ ਰੋਕਣ ਦੇ ਉਪਰਾਲੇ ਕਰਨੇ, ਹਰ ਲੋਹੜੀ-ਮਾਘੀ ਤੇ ਔਰਤਾਂ ਬੱਚੀਆਂ ਦਾ ਸਨਮਾਨ ਕਰਨਾ, ਸਾਰੀ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਨਾਲ ਜੋੜਨ ਦੀ ਪ੍ਰੇਰਨਾ ਕਰਨੀ। ਅਨੇਕਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ। ਬੇਸਹਾਰਾ ਬਜ਼ੁਰਗਾਂ ਲਈ ਬਿਰਧ-ਆਸ਼ਰਮ ਬਣਾਇਆ। ਸਿੱਖੀ ਦੇ ਪ੍ਰਚਾਰ ਦੇ ਨਾਲ ਸਮਾਜ ਸੇਵਾ ਕਰਨੀ, ਹਸਪਤਾਲਾਂ 'ਚ ਗਰੀਬਾਂ ਦਾ ਜਾ ਕੇ ਹਾਲ ਪੁੱਛਣਾ, ਮੱਦਦ ਕਰਨੀ, ਅਨੇਕਾਂ ਪ੍ਰਵਾਸੀਆਂ ਦੇ ਦੁਖਾਂ ਦੀਆਂ ਗੁਰੂ ਅੱਗੇ ਅਰਦਾਸਾਂ ਕੀਤੀਆਂ। ਬਾਬਾ ਜੀ ਨੂੰ ਜਿੱਥੇ ਵੀ ਕੋਈ ਗਰੀਬ ਮਿਲ ਪੈਣਾ ਜਿੰਨੇ ਪੈਸੇ ਮੰਗਣੇ ਓਨੇ ਹੀ ਦੇ ਦੇਣੇ। ਬਾਬਾ ਜੀ ਪਾਸ ਕੋਈ ਗਰੀਬ ਲੋੜਵੰਦ ਖਾਲੀ ਨਹੀਂ ਜਾਂਦਾ ਸੀ। ਉਨ੍ਹਾਂ ਦਾ ਸੁਭਾਅ ਹੀ ਐਸਾ ਸੀ ਕਿ ਉਨ੍ਹਾਂ ਆਪਣੇ ਜੀਵਨ ਦੌਰਾਨ ਬੜੀਆਂ ਯਾਤਰਾ ਕੀਤੀਆਂ, ਬੜੇ ਪ੍ਰਾਣੀਆਂ ਨੂੰ ਸਿੱਧੇ ਰਸਤੇ ਪਾਇਆ, ਜਿਥੇ ਜਾਣਾ ਰੌਣਕਾਂ ਲੱਗ ਜਾਣੀਆਂ। ਉਨ੍ਹਾਂ ਦੇ ਸਰੀਰਕ ਤੌਰ ਤੇ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਯਾਦਾਂ ਅੱਜ ਵੀ ਯਾਦ ਆ ਰਹੀਆਂ ਹਨ।



ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ



ਮੁੱਖ ਸੇਵਾਦਾਰ
ਬਾਬਾ ਗੁਰਦੀਪ ਸਿੰਘ ਜੀ
ਚੰਦਪੁਰਾਣਾ

ਸੰਤ ਬਾਬਾ ਗੁਰਦੀਪ ਸਿੰਘ ਜੀ ਨੂੰ ਹਮੇਸ਼ਾ ਨੇੜੇ ਰੱਖ ਕੇ ਬੜਾ ਕੁਝ ਸਿਖਾਇਆ। ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਦੱਸਦੇ ਹਨ ਕਿ ਮੈਂ ਆਪਣੇ ਆਪ ਨੂੰ ਬੜਾ ਕਰਮਾ ਵਾਲਾ ਸਮਝਦਾ ਹਾਂ ਕਿ ਮਹਾਂਪੁਰਖਾ ਨਾਲ ਰਹਿਣ ਦਾ ਉਨ੍ਹਾਂ ਦੇ ਦਰਸ਼ਨ ਕਰਨ ਦਾ ਉਨ੍ਹਾਂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਬਾਬਾ ਗੁਰਦੀਪ ਸਿੰਘ ਜੀ ਹਮੇਸ਼ਾ ਇਹੀ ਕਹਿੰਦੇ ਹਨ ਕਿ ਮੈਨੂੰ ਹਮੇਸ਼ਾ ਸੰਗਤਾਂ ਦੇ ਜੋੜੇ ਝਾੜਨ ਦਾ ਲੋੜਵੰਦਾਂ ਦੀ ਸੇਵਾ ਕਰਨ ਦਾ ਬਲ ਬਖਸ਼ੀ। ਜੇ ਆਪਾਂ ਹਮੇਸ਼ਾ ਵਾਹਿਗੁਰੂ ਦਾ ਸਿਮਰਨ ਕਰਾਂਗੇ, ਗੁਰੂ ਵਾਲੇ ਬਣੇ ਰਹਾਂਗੇ। ਗੁਰੂ ਦੇ ਦਰਸਾਏ ਮਾਰਗ ਤੇ ਚੱਲਾਂਗੇ ਤੇ ਜੁੱਗ-ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਆਪਣਾ ਗੁਰੂ ਮੰਨਾਂਗੇ ਤਾਂ ਹੀ ਸਾਡਾ ਇਸ ਸਮਾਜ ਤੇ ਆਉਣਾ ਸਫਲਾ ਹੋਵੇਗਾ। ਪ੍ਰਾਣੀ ਬਾਣੇ ਬਾਣੀ ਤੋਂ ਬਿਨ੍ਹਾਂ ਤੇਰਾ ਜੀਵਨ ਬੇ-ਅਰਥ ਹੈ।

ਸੰਗਤਾਂ ਦੀ ਸਹੂਲਤ ਲਈ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦ ਬਾਬਾ ਤੇਗਾ ਸਿੰਘ ਜੀ ਗੁਰਦੁਆਰਾ ਸਾਹਿਬ ਦਾ ਦੂਸਰਾ ਅਸਥਾਨ 56 ਜੀ.ਬੀ. ਨੇੜੇ ਅਨੂਪਗੜ੍ਹ, ਜ਼ਿਲ੍ਹਾ ਗੰਗਾਨਗਰ (ਰਾਜਸਥਾਨ) ਵਿਖੇ 6 ਏਕੜ ਵਿਚ ਉਸਾਰੀ ਅਧੀਨ ਹੈ।

*- ਭਵਨਦੀਪ ਸਿੰਘ ਪੁਰਬਾ*

'ਮਹਿਕ ਵਤਨ ਦੀ ਲਾਈਵ' ਡਾਇਰੀ 2022-23

ਡਾਇਰੀ ਵਿੱਚ ਆਪਣੇ ਇਸ਼ਤਿਹਾਰ ਦੇਣ ਲਈ ਜਲਦੀ ਸੰਪਰਕ ਕਰੋ।

'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਦੋ-ਸਾਲਾ ਡਾਇਰੀ ਜੋ ਲਾਕਡੋਨ ਅਤੇ ਕੁੱਝ ਕਾਰਨਾ ਕਰਕੇ ਪਿਛਲੇ 4 ਸਾਲਾ ਤੋਂ ਨਹੀਂ ਛਪ ਸਕੀ ਸੀ। ਇਹ ਡਾਇਰੀ ਐਤਕੀ ਅਪ੍ਰੈਲ ਮਹੀਨੇ ਵਿੱਚ ਵਿਸਾਖੀ ਤੇ ਛਪ ਰਹੀ ਹੈ। ਜਿਸ ਵਿੱਚ ਪਿਛਲੇ 4 ਸਾਲਾ ਦੌਰਾਨ ਵਧੀਆਂ ਸੇਵਾਵਾ ਨਿਭਾਉਣ ਅਤੇ 'ਮਹਿਕ ਵਤਨ ਦੀ ਲਾਈਵ' ਬਿਓਰੋ ਨੂੰ ਸਹਿਯੋਗ ਦੇਣ ਵਾਲੀਆਂ ਸਖਸੀਅਤਾ ਦੀ ਜਾਣਕਾਰੀ ਤੋਂ ਇਲਾਵਾ ਅਦਾਰੇ ਵੱਲੋਂ ਕੀਤੇ ਗਏ ਅਤੇ ਕੀਤੇ ਜਾਂ ਰਹੇ ਕਾਰਜਾਂ ਦੀ ਅਹਿਮ ਜਾਣਕਾਰੀ ਹੋਵੇਗੀ।

ਇਹ ਡਾਇਰੀ ਤੋਹਫਾ ਦੇਣ ਲਈ ਬਹੁੱਤ ਵਧੀਆਂ ਲੁੱਕ ਵਿੱਚ ਕੱਲਰ ਸਫਿਆਂ ਸਮੇਤ ਛਾਪੀ ਜਾਵੇਗੀ!

ਇਸ ਡਾਇਰੀ ਵਿੱਚ ਆਪਣੀ ਸੁਸਾਇਟੀ, ਕਲੱਬ, ਸੰਸਥਾਂ ਜਾਂ ਆਪਣੇ ਕਾਰੋਬਾਰ ਬਾਰੇ ਅਤੇ ਸਮਾਜ ਸੇਵੀ ਸਖਸੀਅਤਾਂ ਆਪਣੇ ਇਸ਼ਤਿਹਾਰ ਲਗਾਉਣ ਲਈ ਜਲਦੀ ਸੰਪਰਕ ਕਰਨ।

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ

ਮਾਸਿਕ ਮੈਗਜੀਨ * ਰੋਜਾਨਾ ਆਨਲਾਈਨ ਅਖ਼ਬਾਰ * ਵੈੱਬ ਟੀ.ਵੀ.

ਮਹਿਕ ਵਤਨ ਦੀ
'Mehak Watan Di Live' ਲਾਈਵ

'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ. ਤੇ ਆਪਣੇ ਪ੍ਰੋਗਰਾਮ ਲਾਈਵ ਟੈਲੀਕਾਸਟ ਕਰਵਾਉਣ ਲਈ ਵੀ ਸੰਪਰਕ ਕਰੋ।

Help Line: 9988-92-9988 * www.mehakwatandilive.com

Scanned with CamScanner

# 'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਖੱਬੀ ਬਾਂਹ ਸਨ ਢਾਡੀ ਸਾਧੂ ਸਿੰਘ ਧੰਮੂ

## ਢਾਡੀ ਸਾਧੂ ਸਿੰਘ ਧੰਮੂ ਦੇ ਅਕਾਲ ਚਲਾਨਾ ਕਰ ਜਾਣ ਤੇ ਵੱਖ-ਵੱਖ ਸ਼ਖਸੀਅਤਾਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ





ਅੰਤਰ-ਰਾਸ਼ਟਰੀ ਪ੍ਰਸਿਧ ਢਾਡੀ ਅਤੇ ਮਹਿਕ ਵਤਨ ਦੀ ਲਾਈਵ ਬਿਓਰੋ ਦੇ ਧਾਰਮਿਕ ਸੰਪਾਦਕ ਗਿਆਨੀ ਸਾਧੂ ਸਿੰਘ ਧੰਮੂ ਦੇ ਅਕਾਲ ਚਲਾਨਾ ਕਰ ਜਾਣ ਤੇ ਪ੍ਰੀਵਾਰ ਦੇ ਨਾਲ-ਨਾਲ ਸਾਡੇ ਅਦਾਰੇ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਹੈ। ਸਾਧੂ ਸਿੰਘ ਧੰਮੂ 'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਖੱਬੀ ਬਾਂਹ ਸਨ ਜਿਨ੍ਹਾਂ ਦੀ ਜਗਾ ਹੋਰ ਕੋਈ ਨਹੀਂ ਲੈ ਸਕਦਾ। ਢਾਡੀ ਸਾਧੂ ਸਿੰਘ ਧੰਮੂ ਨੇ 'ਮਹਿਕ ਵਤਨ ਦੀ' ਮੈਗਜੀਨ ਦੇ ਨਾਲ 2003 ਤੋਂ ਪੱਤਰਕਾਰ ਦੇ ਤੌਰ ਤੇ ਕੰਮ ਕਰਦਾ ਅ ਰਿਹਾ ਸੀ। ਉਸ ਦੀਆਂ ਸੇਵਾਵਾ ਅਤੇ ਧਾਰਮਿਕ ਕਾਰਜਾ ਨੂੰ ਦੇਖਦੇ ਹੋਏ ਅਦਾਰਾ 'ਮਹਿਕ ਵਤਨ ਦੀ' ਮੈਗਜੀਨ ਨੇ 2012 ਵਿੱਚ ਢਾਡੀ ਸਾਧੂ ਸਿੰਘ ਧੰਮੂ ਨੂੰ ਧਾਰਮਿਕ ਸੰਪਾਦਕ ਨਿਯੁਕਤ ਕਰ ਦਿੱਤਾ। ਇਸ ਨਿਯੁਕਤੀ ਪ੍ਰਤੀ ਢਾਡੀ ਸਾਧੂ ਸਿੰਘ ਧੰਮੂ ਨੇ ਆਪਣੀਆ ਸੇਵਾਵਾ ਬਾਖੂਬੀ ਨਿਭਾਈਆ।

ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸ਼ਾਰ ਵਿੱਚ ਨਿਭਾਈਆਂ ਗਈਆਂ ਸੇਵਾਵਾ ਨੂੰ ਮੁੱਖ ਰੱਖਦੇ ਹੋਏ 2014 ਵਿੱਚ ਢਾਡੀ ਸਾਧੂ ਸਿੰਘ ਧੰਮੂ ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਪਿੰਡ ਲੋਹਾਰਾ (ਧਰਮਕੋਟ) ਜਿਲ੍ਹਾ ਮੋਗਾ ਵਿਖੇ 'ਮਹਿਕ ਵਤਨ ਦੀ ਐਵਾਰਡ 2014' ਨਾਲ ਸਨਮਾਨਿਤ ਕੀਤਾ ਗਿਆ। 2016 ਵਿੱਚ ਅਦਾਰਾ 'ਮਹਿਕ ਵਤਨ ਦੀ' ਦੀ ਵੱਲੋਂ 'ਮਹਿਕ ਵਤਨ ਦੀ ਲਾਈਵ' ਰੋਜਾਨਾ ਆਨਲਾਈਨ ਅਖਬਾਰ, 'ਮਹਿਕ ਵਤਨ ਦੀ ਲਾਈਵ' ਕੇਨੈਡਾ ਐਡੀਸ਼ਨ ਅਤੇ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ. ਚੈਨਲ ਸ਼ੁਰੂ ਹੋਇਆ। ਇਹ ਸਾਰੀਆਂ ਸੇਵਾਵਾ 'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀ ਚਾਲੂ ਕੀਤੀਆ ਗਈਆਂ। ਢਾਡੀ ਸਾਧੂ ਸਿੰਘ ਧੰਮੂ ਇਸ ਬਿਓਰੋ ਦੇ ਸ੍ਰਪਰਸਤ ਮੈਬਰਾਂ ਵਿੱਚ ਲਏ ਗਏ ਅਤੇ ਢਾਡੀ ਸਾਧੂ ਸਿੰਘ ਧੰਮੂ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ. ਚੈਨਲ ਦੇ ਮੇਨ ਐਕਰ ਨਿਯੁਕਤ ਕੀਤਾ ਗਿਆ। ਉਨ੍ਹਾਂ ਦੀਆਂ ਇਹ ਸੇਵਾਵਾ ਆਖਰੀ ਦਮ ਤੱਕ ਚੱਲਦੀਆਂ ਰਹੀਆਂ।

ਬਹੁੱਤ ਘੱਟ ਸਕੂਲੀ ਪੜਾਈ ਕਰਨ ਦੇ ਬਾਵਜੂਦ ਵੀ ਢਾਡੀ ਸਾਧੂ ਸਿੰਘ ਧੰਮੂ ਨੇ ਵਿਸ਼ੇਸ਼ ਮੁਕਾਮ ਹਾਸਿਲ ਕੀਤਾ।'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਇਲਾਵਾ ਹੋਰ ਕਈ ਖਾਸ ਸੰਸਥਾਵਾ ਵਿੱਚ ਖਾਸ ਅਹੁਦਿਆ ਤੇ ਆਪਣਾ ਨਾਮ ਸਥਾਪਿਤ ਕੀਤਾ। ਢਾਡੀ ਸਾਧੂ ਸਿੰਘ ਧੰਮੂ ਦੀ ਸ੍ਰਪਰਸਤੀ ਹੇਠ ਚੱਲਦੀ ਆ ਰਹੀਂ 'ਢਾਢੀ ਕਲਾਂ ਬਚਾਓ ਲਹਿਰ' ਰਾਹੀਂ ਢਾਡੀ ਸਾਧੂ ਸਿੰਘ ਧੰਮੂ ਨੇ ਅਣਗਿਣਤ ਢਾਡੀਆਂ, ਕਵੀਸ਼ਰਾਂ ਨੂੰ ਆਪਣੇ ਨਾਲ ਜੋੜ ਕੇ ਇਸ ਕਲਾਂ ਨੂੰ ਪ੍ਰਫੂਲਤ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ। ਇਸੇ ਹੀ ਸੰਸਥਾ ਰਾਹੀਂ ਲਾਕਡਾਊਨ ਅਤੇ ਹੋਰ ਮੁਸ਼ਕਿਲਾ ਸਮੇਂ ਕਈ ਜਰੂਰਤਮੰਦ ਢਾਡੀਆਂ, ਕਵੀਸ਼ਰਾਂ ਦੀ ਆਰਥਿਕ ਮੱਦਦ ਵੀ ਕੀਤੀ। ਢਾਡੀ ਸਾਧੂ ਸਿੰਘ ਧੰਮੂ ਨੇ ਅਣਗਿਣਤ ਮੁੰਡੇ-ਕੁੜੀਆਂ ਨੂੰ ਢਾਡੀ ਗਾਉਣ ਸਿਖਾ ਕੇ ਆਪਣੇ ਪੈਰਾ ਤੇ ਖੜ੍ਹਾ ਕੀਤਾ। ਇਨ੍ਹਾਂ ਸੇਵਾਵਾ ਨੂੰ ਵੇਖਦੇ ਹੋਏ ਸਿਮਰਜੀਤ ਸਿੰਘ ਬੈਂਸ ਦੀ ਲੋਕ ਇਨਸਾਫ ਪਾਰਟੀ ਦੇ ਜਿਲ੍ਹਾ ਪ੍ਰਧਾਨ ਜਗਮੋਹਨ ਸਿੰਘ ਸਮਾਧ ਭਾਈ ਵੱਲੋਂ ਢਾਡੀ ਸਾਧੂ ਸਿੰਘ ਧੰਮੂ ਨੂੰ ਆਪਣੀ ਪਾਰਟੀ ਦਾ ਧਾਰਮਿਕ ਵਿੰਗ ਦਾ ਵਿੰਗ ਪ੍ਰਧਾਨ ਨਿਯੁਕਤ ਕੀਤਾ ਗਿਆ। ਸਾਹਿਤਕ ਖੇਤਰ ਵਿੱਚ ਢਾਡੀ ਸਾਧੂ ਸਿੰਘ ਧੰਮੂ ਨੇ ਦੋ ਪੁਸਤਕਾ ਲਿਖੀਆਂ। ਪਹਿਲੀ ਪੁਸਤਕ ਕਬੱਡੀ ਖਿਡਾਰੀਆਂ ਬਾਰੇ ਸੀ ਅਤੇ ਦੂਸਰੀ ਪੁਸਤਕ 'ਧੰਮੂ ਦੇ ਢਾਡੀ ਪ੍ਰਸੰਗ' ਜੋ 'ਮਹਿਕ ਵਤਨ ਦੀ ਲਾਈਵ' ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਤੀਸਰੀ ਪੁਸਤਕ ਡਰੋਲੀ ਭਾਈ ਗੁਰਦੁਆਰਾ ਸਾਹਿਬ ਬਾਰੇ ਸੀ ਜੋ ਢਾਡੀ ਸਾਧੂ ਸਿੰਘ ਧੰਮੂ ਪੂਰੀ ਨਹੀਂ ਕਰ ਸਕੇ।



ਇੱਕ ਪੁਰਾਣੀ ਯਾਦ: ਢਾਡੀ ਸਾਧੂ ਸਿੰਘ ਧੰਮੂ ਨੂੰ 'ਮਹਿਕ ਵਤਨ ਦੀ ਐਵਾਰਡ 2014' ਮਿਲਣ ਸਮੇਂ ਉਨ੍ਹਾਂ ਦੇ ਨਾਲ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਚੀਫ ਐਡੀਟਰ ਭਵਨਦੀਪ ਸਿੰਘ ਪੁਰਬਾ, ਗੁ: ਸੰਤ ਬਾਬਾ ਨੰਦ ਸਿੰਘ ਜੀ ਲੋਹਾਰਾ ਦੇ ਮੁੱਖ ਸੇਵਾਦਾਰ ਬਾਬਾ ਜਸਵੀਰ ਸਿੰਘ ਲੋਹਾਰਾ, ਗੁਰਮੇਲ ਸਿੰਘ ਪੁਰਬਾ, ਪ੍ਰਧਾਨ ਸ. ਚਮਕੌਰ ਸਿੰਘ ਸੰਘਾਂ ਅਤੇ ਹੋਰ ਪਤਵੰਤੇ ਸੱਜਣ।

ਸਾਡੇ ਕੋਲ ਮੋਜੂਦ ਰਿਕਾਰਡ ਮੁਤਾਬਕ ਢਾਡੀ ਸਾਧੂ ਸਿੰਘ ਧੰਮੂ ਦਾ ਜਨਮ 28 ਅਪ੍ਰੈਲ 1972 ਨੂੰ ਪਿਤਾ ਸ. ਬਿਸ਼ਨ ਸਿੰਘ ਅਤੇ ਮਾਤਾ ਸ਼੍ਰੀ ਮਤੀ ਚੰਦ ਕੌਰ ਦੀ ਕੁਖੋ ਪਿੰਡ ਧੂਲਕੋਟ ਵਿਖੇ ਹੋਇਆ ਸੀ। ਢਾਡੀ ਸਾਧੂ ਸਿੰਘ ਧੰਮੂ ਦਾ ਇੱਕ ਵੱਡਾ ਭਰਾਂ ਸ. ਮੰਗਤ ਸਿੰਘ ਧੰਮੂ ਦੋ ਭੈਣਾ ਅੰਗਰੇਜ ਕੌਰ ਤੇ ਬਲਵੀਰ ਕੌਰ ਹਨ। ਢਾਡੀ ਸਾਧੂ ਸਿੰਘ ਧੰਮੂ ਦੀ ਜੀਵਨ ਸਾਥੀ ਉਨ੍ਹਾਂ ਦੀ ਧਰਮ ਪਤਨੀ ਬੀਬੀ ਚਰਨਜੀਤ ਕੌਰ ਅਤੇ ਉਨ੍ਹਾਂ ਦਾ ਬੇਟਾ ਮਹਿੰਦਰ ਸਿੰਘ ਮੇਹਨਤੀ ਵੀ ਸਿੱਖ ਧਰਮ ਦੇ ਪ੍ਰਚਾਰ ਲਈ ਧਾਰਮਿਕ ਗਾਉਣ (ਢਾਡੀ, ਕਵੀਸ਼ਰ ਗਾਉਣ) ਕਰਦੇ ਹਨ। ਮੋਜੂਦਾ ਸਮੇਂ ਢਾਡੀ ਸਾਧੂ ਸਿੰਘ ਧੰਮੂ ਦੀ ਰਹਾਇਸ ਪਿੰਡ ਸਮਾਲਸਰ ਵਿਖੇ ਸੀ। ਆਪਣੀ ਕਲਾ ਦੀ ਬਦੋਲਤ ਢਾਡੀ ਸਾਧੂ ਸਿੰਘ ਧੰਮੂ ਨੇ ਆਪਣੇ ਜੱਥੇ ਨਾਲ ਕੇਨੈਡਾ, ਮਲੇਸ਼ੀਆਂ, ਸਿੰਘਾਪੁਰ, ਹਾਂਗਕਾਂਗ ਆਦਿ ਦੇ ਕਈ ਵਿਦੇਸ਼ੀ ਟੂਰ ਵੀ ਲਗਾਏ ਹਨ। ਅਨੇਕਾਂ ਸਗਿਰਦਾ ਦਾ ਗੁਰੂ ਅਤੇ ਅਨੇਕਾ ਗੁਣਾ ਦਾ ਮਾਲਿਕ ਢਾਡੀ ਸਾਧੂ ਸਿੰਘ ਧੰਮੂ 31 ਜਨਵਰੀ 2022 ਨੂੰ ਸਰੀਰਕ ਤੌਰ ਤੇ ਸਾਥੋ ਸਦਾ ਲਈ ਵਿੱਛੜ ਗਿਆ। ਢਾਡੀ ਸਾਧੂ ਸਿੰਘ ਧੰਮੂ ਦੀ ਅੰਤਿਮ ਅਰਦਾਸ 08 ਫਰਬਰੀ 2022 ਦਿਨ ਮੰਗਲਵਾਰ ਨੂੰ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ, ਪਿੰਡ ਸਮਾਲਸਰ ਵਿਖੇ ਹੋਈ। ਢਾਡੀ ਵਾਰਾਂ ਅਤੇ ਅਨੇਕਾ ਢਾਡੀ ਪ੍ਰਸੰਗਾਂ ਦੇ ਰਚੇਤਾ ਢਾਡੀ ਸਾਧੂ ਸਿੰਘ ਧੰਮੂ ਦੁਨੀਆਂ ਤੇ ਸਾਨੂੰ ਸਰੀਰਕ ਤੌਰ ਛੱਡ ਗਿਆ ਪਰ ਆਪਣੀ ਕਲਾ ਸੱਦਕੇ ਹਮੇਸ਼ਾ ਸਾਡੇ ਦਿਲਾਂ ਵਿੱਚ ਰਹੇਗਾ।

ਗਿਆਨੀ ਸਾਧੂ ਸਿੰਘ ਧੰਮੂ ਦੇ ਅਕਾਲ ਚਲਾਨਾ ਕਰ ਜਾਣ ਤੇ ਹੋਰਨਾ ਤੋਂ ਇਲਾਵਾ ਮਨਮੋਹਨ ਸਿੰਘ ਚੀਮਾ, ਸੁਖਜੀਤ ਸਿੰਘ ਵਾਲੀਆ (ਵਾਲੀਆ ਪ੍ਰੈਸ ਜਲੰਧਰ), ਗੁਰਮੇਲ ਸਿੰਘ ਪੁਰਬਾ, ਗੁਰਸੇਵਕ ਸਿੰਘ ਕੇਨੈਡਾ, ਭਾਗਵੰਤੀ ਪੁਰਬਾ, ਰਿੰਪੀ ਗਰੇਵਾਲ, ਬਾਬਾ ਬਲਦੇਵ ਸਿੰਘ ਜੀ ਮੰਡੀਰਾਂ, ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ, ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ, ਕਮਲਜੀਤ ਸਿੰਘ ਪੁਰਬਾ, ਬਲਸ਼ਰਨ ਸਿੰਘ, ਬੀਬੀ ਕਰਮਜੀਤ ਕੌਰ, ਮਹਿੰਦਰਪਾਲ ਲੂੰਬਾ, ਬਾਬਾ ਜਸਵੀਰ ਸਿੰਘ ਲੋਹਾਰਾ, ਜਸਵੀਰ ਭਲੂਰੀਆ, ਜਗਜੀਵਨ ਸਿੰਘ ਰੋਡੇ, ਰਾਜ ਸਿੰਘ ਸੇਖਾ, ਸਾਹਿਤਕਾਰ ਗੁਰਮੇਲ ਸਿੰਘ ਬੋਡੇ, ਕੁਲਵਿੰਦਰ ਸਿੰਘ ਤਾਰੇਵਾਲਾ, ਸਵਰਨ ਸਿੰਘ ਮਟਵਾਣੀ, ਸੁਖਦੇਵ ਸਿੰਘ ਬਰਾੜ, ਦਰਸੀ ਭੱਟੀਵਾਲ, ਦੀਪੂ ਬੁੱਟਰ, ਦਵਿੰਦਰ ਸਿੰਘ ਗਿੱਲ ਘਾਲੀ, ਕਾਲਾ ਗੋਨੇਆਣਾ, ਭਾਗੋਵਾਲੀਆ, ਜਸਵੀਰ ਜੱਸੀ ਦੀਨਾ ਸਾਹਿਬ, ਗਿਆਨ ਸਿੰਘ (ਸਾਬਕਾ ਡੀ.ਪੀ.ਆਰ.ਓ.), ਡਾ. ਬਲਜੀਤ ਸਿੰਘ, ਹਰਬਿੰਦਰ ਸਿੰਘ ਜਾਨੀਆ, ਇਕਬਾਲ ਸਿੰਘ ਖੋਸਾ, ਮਨਿੰਦਰ ਮੋਗਾ, ਬਲਦੇਵ ਸਿੰਘ ਆਜਾਦ, ਮਨਜੀਤ ਸਰਾਂ ਕੇਨੈਡਾ, ਆਰਟਿਸਟ ਹਰਭਗਵਾਨ ਮਾਣੂਕੇ, ਨਿਰਮਲ ਸਿੰਘ ਮੀਨੀਆ, ਜਗਮੋਹਨ ਸਿੰਘ ਸਮਾਧ ਭਾਈ, ਬਿੱਟੂ ਅਲਬੇਲਾ, ਜਗਤਾਰ ਸਿੰਘ ਪਰਮਿਲ, ਬਾਬਾ ਪਵਨਦੀਪ ਸਿੰਘ, ਜਸਵੀਰ ਪੁੜੈਣ, ਢਾਡੀ ਜਸਵਿੰਦਰ ਸਿੰਘ ਬਾਗੀ, ਵਿਸਾਲ ਸਿੰਘ ਸੁਭਾਨਾ, ਅਮਰਜੀਤ ਖੁਖਰਾਣਾ, ਨਿਸ਼ਾਨ ਸਿੰਘ ਕੋਰੇਵਾਲਾ, ਫੱਕਰ ਬਾਬਾ ਦਾਮੂੰ ਸ਼ਾਹ ਪ੍ਰਬੰਧਕ ਕਮੇਟੀ ਲੋਹਾਰਾ ਦੇ ਪ੍ਰਧਾਨ ਸ. ਚਮਕੌਰ ਸਿੰਘ ਸੰਘਾ (ਕੇਨੈਡਾ), ਗਾਇਕ ਸਤਪਾਲ ਕਿੰਗਰਾ, ਗਾਇਕਾ ਕੁਲਬੀਰ ਗੋਗੀ, ਜਸਵੰਤ ਸਿੰਘ ਪੁਰਾਣੇ ਵਾਲਾ, ਸੁਖਦੇਵ ਸਿੰਘ ਬਰਾੜ, ਗੁਰਸੇਵਕ ਸਿੰਘ ਸੰਨਿਆਸੀ, ਦਵਿੰਦਰਜੀਤ ਸਿੰਘ ਗਿੱਲ ਘਾਲੀ ਆਦਿ ਵੱਲੋਂ ਵੀ ਗਹਿਰਾ ਦੁੱਖ ਅਤੇ ਅਫਸੋਸ ਪ੍ਰਗਟ ਕੀਤਾ ਗਿਆ।

www.mehakwatandilive.com
Youtube/ Mehak Watan Di Live




Scanned with CamScanner




# ਆਈ ਬਸੰਤ ਪਾਲਾ ਉਡੰਤ...

ਬਸੰਤ ਨੂੰ ਖ਼ੁਸ਼ੀਆਂ ਖੇੜਿਆਂ ਵਾਲਾ ਮੌਸਮੀ ਤਿਉਹਾਰ ਮੰਨਿਆ ਜਾਂਦਾ ਹੈ। ਪਿੰਡਾਂ ਦੇ ਲੋਕ ਬਸੰਤ ਨੂੰ 'ਆਈ ਬਸੰਤ ਪਾਲਾ ਉਡੰਤ' ਕਰਕੇ ਜਾਣਦੇ ਹਨ। ਉਨਾਂ ਮੁਤਾਬਕ ਬਸੰਤ ਸਿਆਲ ਦਾ ਹੱਡੀਆਂ ਠਾਰ ਦੇਣ ਵਾਲਾ ਪਾਲਾ (ਠੰਢ) ਉਡਾ ਦੇਣ ਦੀ ਸੂਚਕ ਹੈ। ਭਾਵੇਂ ਬਸੰਤ ਤੋਂ ਬਾਅਦ ਵੀ ਠੰਢ ਰਹਿੰਦੀ ਹੈ, ਪਰ ਦਿਨ ਥੋੜੇ ਨਿੱਘੇ ਤੇ ਵੱਡੇ ਹੋ ਜਾਂਦੇ ਹਨ। ਪੁਰਾਣੇ ਸਮਿਆਂ ਵਿੱਚ ਲੋਕਾਂ ਕੋਲ ਠੰਢ ਤੋਂ ਬਚਣ ਲਈ ਬਹੁਤੇ ਹੀਲੇ-ਵਸੀਲੇ ਨਹੀਂ ਸਨ। ਮੋਟੇ ਭਾਰੇ ਕੱਪੜੇ ਤੇ ਅੱਗ ਹੀ ਉਨਾਂ ਨੂੰ ਠੰਢ ਤੋਂ ਬਚਾਉਂਦੀ। ਇਸ ਲਈ ਰੱਬ-ਰੱਬ ਕਰਕੇ ਬਸੰਤ ਆਉਂਦੀ। ਮੌਸਮ ਬਦਲਣ ਨਾਲ ਠੰਢ ਦੇ ਝੰਬੇ ਰੁੱਖ-ਪੌਦੇ ਵੀ ਪੁੰਗਰਨ-ਪਲਰਨ ਲੱਗਦੇ ਹਨ। ਖੇਤਾਂ ਵਿੱਚ ਖਿੜੇ ਸਰੋਂ ਦੇ ਪੀਲੇ ਫੁੱਲ ਖ਼ੂਬਸੂਰਤ ਨਜ਼ਾਰਾ ਪੇਸ਼ ਕਰਦੇ ਹਨ ਤੇ ਦੇਖਣ ਵਾਲੇ ਦਾ ਮਨ ਵੀ ਖਿੜ ਉੱਠਦਾ ਹੈ। ਆਮ ਤੌਰ 'ਤੇ ਬਸੰਤ ਦੀ ਆਮਦ ਦੇਸੀ ਮਹੀਨੇ ਮਾਘ ਦੀ ਪਹਿਲੀ ਤਾਰੀਖ਼ ਭਾਵ ਸੰਗਰਾਂਦ ਨੂੰ ਹੀ ਮੰਨ ਲਈ ਜਾਂਦੀ ਹੈ ਅਤੇ ਬਸੰਤ ਰਾਗ ਇਸੇ ਦਿਨ ਤੋਂ ਗਾਇਨ ਕਰਨਾ ਸ਼ੁਰੂ ਹੋ ਜਾਂਦਾ ਹੈ ਜਿਸ ਦੀ ਸਮਾਪਤੀ ਹੋਲੇ ਮਹੱਲੇ ਨੂੰ ਹੁੰਦੀ ਹੈ। ਚੇਤ ਮਹੀਨੇ ਦੀ ਸੰਗਰਾਂਦ ਤੋਂ ਦੇਸੀ ਨਵੇਂ ਵਰੇ ਦੀ ਆਮਦ ਹੁੰਦੀ ਹੈ।

ਮਾਲਵੇ ਤੇ ਪੁਆਧ ਦੀ ਪੱਟੀ ਉੱਤੇ ਜਾਂ ਨੇੜੇ-ਤੇੜੇ ਦੇ ਪਿੰਡਾਂ ਵਿੱਚ ਬਸੰਤ ਨੂੰ ਬਹੁਤੇ ਰੰਗ-ਤਮਾਸ਼ੇ ਜਾਂ ਰੌਣਕ ਮੇਲੇ ਨਹੀਂ ਸਨ ਹੁੰਦੇ। ਬਸ, ਘਰਾਂ ਵਿੱਚ ਸੁਆਣੀਆਂ ਲੱਡੂਆਂ ਵਾਲਾ ਪੀਲਾ ਰੰਗ ਪਾ ਕੇ ਮਿੱਠੇ ਚੌਲ ਬਣਾ ਲੈਂਦੀਆਂ ਸਨ, ਪਰ ਉਹ ਵੀ ਸਾਰੇ ਘਰਾਂ ਵਿੱਚ ਨਹੀਂ ਸਨ ਬਣਦੇ। ਮੁੰਡੇ-ਖੁੰਡੇ ਜਾਂ ਬੱਚੇ ਦੁਕਾਨ ਤੋਂ ਪਤਲਾ ਜਿਹਾ ਰੰਗਦਾਰ ਕਾਗਜ਼ ਲਿਆਉਂਦੇ ਜਿਸ ਨੂੰ ਤਾਅ ਵਾਲਾ ਕਾਗਜ਼ ਕਿਹਾ ਜਾਂਦਾ ਅਤੇ ਉਸ ਦੇ ਪਤੰਗ ਬਣਾ ਕੇ ਮਾਵਾਂ-ਭੈਣਾਂ ਤੋਂ ਵਧੀਆ-ਘਟੀਆ ਰੀਲਾਂ ਜਾਂ ਧਾਗੇ ਦੀਆਂ ਅੱਟੀਆਂ ਦੀ ਡੋਰ ਬੰਨ ਕੇ ਪਤੰਗ ਉਡਾਉਂਦੇ। ਨਾ ਓਦੋਂ ਵੰਨ-ਸੁਵੰਨੇ ਪਤੰਗ ਹੁੰਦੇ ਸਨ ਤੇ ਨਾ ਚਾਈਨਾ ਡੋਰ। ਅੱਜ-ਕੱਲ ਪਿੰਡਾਂ ਵਿੱਚ ਵੀ ਪਤੰਗ ਉਡਾਉਣ ਦਾ ਰਿਵਾਜ ਹੋ ਗਿਆ ਹੈ ਤੇ ਸ਼ਹਿਰੀਆਂ ਦੀ ਦੇਖਾ-ਦੇਖੀ ਪੀਲੀਆਂ ਪੱਗਾਂ ਬੰਨਣ ਤੇ ਔਰਤਾਂ ਨੂੰ ਪੀਲੇ ਸੂਟ ਦੁਪੱਟਿਆਂ ਦਾ ਸ਼ੌਕ ਵੀ ਹੋ ਗਿਆ ਹੈ। ਪਿੰਡਾਂ ਦੇ ਲੋਕ ਬਸੰਤ ਨੂੰ 'ਬਸੰਤ ਪੰਚਮੀ' ਕਹਿੰਦੇ ਹਨ। ਇਸ ਦਿਨ ਬਹੁਤੇ ਲੋਕ ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਪਟਿਆਲਾ ਵਿਖੇ ਮੱਥਾ ਟੇਕਣ ਤੇ ਸਰੋਵਰ ਵਿੱਚ ਇਸ਼ਨਾਨ ਕਰਨ ਜਾਂਦੇ ਹਨ। ਇਸ ਪਵਿੱਤਰ ਸਥਾਨ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੈ ਅਤੇ ਇਸ ਨਾਲ ਇਤਿਹਾਸਕ ਘਟਨਾ ਵੀ ਜੁੜੀ ਹੋਈ ਹੈ। ਕਿਹਾ ਜਾਂਦਾ ਹੈ ਪਟਿਆਲਾ ਦੇ ਪਿੰਡ ਲਹਿਲ ਵਿੱਚ ਕਿਸੇ ਸ਼ਰਧਾਲੂ ਦੇ ਘਰ ਗੁਰੂ ਤੇਗ ਬਹਾਦਰ ਸਾਹਿਬ ਕੋਲ ਸਿੱਖ ਸੰਗਤਾਂ ਜੁੜੀਆਂ ਤੇ ਉਨਾਂ ਨੇ ਉੱਥੇ ਫੈਲੀ ਕਿਸੇ ਮਾਰੂ ਬਿਮਾਰੀ ਦਾ ਜ਼ਿਕਰ ਕਰਕੇ ਗੁਰੂ ਜੀ ਨੂੰ ਆਪਣੇ ਦੁੱਖ ਦੱਸੇ। ਗੁਰੂ ਜੀ ਨੇ ਨੇੜੇ ਹੀ ਛੋਟੀ ਜਿਹੀ ਛੱਪੜੀ ਬਾਰੇ ਕਿਹਾ ਕਿ ਇਸ ਥਾਂ ਇਸ਼ਨਾਨ ਕਰਨ ਨਾਲ ਦੁੱਖ ਦੂਰ ਹੋਣਗੇ। ਇੱਥੇ ਪੰਚਮੀ ਵਾਲੇ ਦਿਨ ਦੇ ਇਸ਼ਨਾਨ ਦੀ ਮਹੱਤਤਾ ਦੱਸੀ। ਉਹ ਨਿੱਕੀ ਜਿਹੀ ਛੱਪੜੀ ਗੁਰੂ ਦੇ ਬਚਨਾਂ ਨਾਲ ਦੂਖ ਨਿਵਾਰਨ ਸਾਹਿਬ ਦਾ ਸਰੋਵਰ ਬਣ ਗਿਆ। ਨੇੜੇ ਹੀ ਇੱਕ ਬਹੁਤ ਵੱਡਾ ਬੋਹੜ ਵੀ ਸੀ ਜਿੱਥੇ ਇੱਕ ਥੜੇ ਉੱਤੇ ਜੋਤ ਜਗਦੀ ਸੀ, ਉਸ ਥਾਂ ਨੂੰ 'ਜੋਤ ਸਾਹਿਬ' ਕਿਹਾ ਜਾਂਦਾ ਸੀ। ਇਹ ਨਿੱਕੇ ਜਿਹੇ ਕਮਰੇ ਵਰਗਾ ਹੀ ਸਥਾਨ ਸੀ ਤੇ ਇੱਥੇ ਗੁਰੂ ਤੇਗ ਬਹਾਦਰ ਜੀ ਦਾ ਹੱਥ ਲਿਖਤ ਹੁਕਮਨਾਮਾ ਵੀ ਸੁਭਾਇਮਾਨ ਸੀ। ਗੁਰਦੁਆਰਾ ਸਾਹਿਬ ਦੀ ਨਵੀਂ ਉਸਾਰੀ ਸਮੇਂ ਇਹ ਬੋਹੜ ਵੀ ਕੱਟਿਆ ਗਿਆ ਅਤੇ ਜੋਤ ਸਾਹਿਬ ਤੇ ਹੁਕਮਨਾਮਾ ਦਰਬਾਰ ਸਾਹਿਬ ਦੇ ਨਾਲ ਸੁਸ਼ੋਭਿਤ ਕਰ ਦਿੱਤਾ ਗਿਆ ਹੈ। ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਬਸੰਤ ਪੰਚਮੀ ਨੂੰ ਬਹੁਤ ਸੰਗਤਾਂ ਦਰਸ਼ਨ-ਇਸ਼ਨਾਨ ਕਰਨ ਲਈ ਪੁੱਜਦੀਆਂ ਹਨ। ਬਸੰਤ ਪੰਚਮੀ ਦੇ ਇਸ਼ਨਾਨ ਦਾ ਬਹੁਤ ਮਹਾਤਮ ਮੰਨਿਆ ਜਾਂਦਾ ਹੈ। ਇਸ ਦਿਨ ਇੱਥੇ ਵਿਸ਼ੇਸ਼ ਕੀਰਤਨ ਦਰਬਾਰ ਤੇ ਢਾਡੀ ਦਰਬਾਰ ਸੱਜਦੇ ਹਨ। ਅੰਮ੍ਰਿਤਸਰ ਤੋਂ ਥੋੜੀ ਜਿਹੀ ਦੂਰੀ ਉੱਤੇ ਸਥਿਤ ਗੁਰਦੁਆਰਾ ਛਿਹਰਟਾ ਸਾਹਿਬ ਵਿਖੇ ਵੀ ਬਸੰਤ ਪੰਚਮੀ ਵਾਲੇ ਦਿਨ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਹੈ।




ਇਨਾਂ ਇਲਾਕਿਆਂ ਵਿੱਚ ਖ਼ਾਸ ਤੌਰ 'ਤੇ ਅੰਮ੍ਰਿਤਸਰ ਤੇ ਗੁਰਦਾਸਪੁਰ ਵੱਲ ਬਸੰਤ ਵਾਲੇ ਦਿਨ ਪਤੰਗਾਂ ਉਡਾਉਣ ਦਾ ਬਹੁਤ ਰੁਝਾਨ ਰਿਹਾ ਹੈ। ਪਤੰਗ ਨੂੰ ਗੁੱਡਾ ਵੀ ਕਿਹਾ ਜਾਂਦਾ ਹੈ। ਅਜੋਕੇ ਸਮੇਂ ਤਾਂ ਪਿੰਡਾਂ-ਸ਼ਹਿਰਾਂ ਤੇ ਸਾਰੇ ਇਲਾਕਿਆਂ ਵਿੱਚ ਹੀ ਪਤੰਗਾਂ ਜਾਂ ਗੁੱਡੇ-ਗੁੱਡੀਆਂ ਚੜਾਈਆਂ ਜਾਂਦੀਆਂ ਹਨ। ਪਹਿਲਾਂ ਤਾਂ ਆਮ ਸਾਦੀ ਡੋਰ ਪਤੰਗ ਚੜਾਉਣ ਲਈ ਵਰਤੀ ਜਾਂਦੀ ਸੀ, ਪਰ ਹੁਣ ਚਾਈਨਾ ਡੋਰ ਵਰਤੀ ਜਾਂਦੀ ਹੈ ਜੋ ਬਹੁਤ ਖ਼ਤਰਨਾਕ ਹੈ। ਜੇ ਇਹ ਹੱਥ ਵਿੱਚ ਫਿਰ ਜਾਵੇ ਤਾਂ ਡੂੰਘਾ ਕੱਟ ਲਾ ਦਿੰਦੀ ਹੈ।ਅੰਮ੍ਰਿਤਸਰ ਵਿਖੇ ਲੋਹੜੀ ਨੂੰ ਵੀ ਪਤੰਗਬਾਜ਼ੀ ਕੀਤੀ ਜਾਂਦੀ ਹੈ। ਬਸੰਤ ਪੰਚਮੀ ਨੂੰ ਥਾਂ-ਥਾਂ ਉੱਡਦੇ ਪਤੰਗ ਤੇ ਪੈਂਦੇ ਪੇਚੇ ਘਰਾਂ ਦੇ ਵਿਹੜਿਆਂ, ਖ਼ੁੱਲੀਆਂ ਥਾਂਵਾ ਅਤੇ ਘਰਾਂ ਦੀਆਂ ਛੱਤਾਂ ਉੱਤੇ ਰੌਣਕ ਲਾਉਂਦੇ ਹਨ ਅਤੇ ਵਿਰੋਧੀ ਦਾ ਪਤੰਗ ਕੱਟ ਕੇ 'ਆਈ ਬੋ-ਆਈ ਬੋ' ਜਾਂ 'ਬੋ ਕਾਟਾ' ਦੀਆਂ ਆਵਾਜ਼ਾਂ ਸੁਣਦੀਆਂ ਹਨ। ਪਿੰਡਾਂ, ਸ਼ਹਿਰਾਂ ਜਾਂ ਪੰਜਾਬ ਨੂੰ ਛੱਡ ਕੇ ਹੋਰ ਥਾਈਂ ਵੀ ਪਤੰਗ ਉਡਾਏ ਜਾਂਦੇ ਹਨ। ਦਿੱਲੀ ਵਿੱਚ ਅਜ਼ਾਦੀ ਦਿਵਸ ਮੌਕੇ 15 ਅਗਸਤ ਨੂੰ ਪਤੰਗ ਉਡਾਏ ਜਾਂਦੇ ਹਨ ਅਤੇ ਰਾਜਸਥਾਨ ਵਿੱਚ ਮੱਘਰ ਦੀ ਸੰਗਰਾਂਦ ਭਾਵ ਮਕਰ-ਸਕਰਾਂਤੀ ਨੂੰ ਪਤੰਗ ਉਡਾਉਣ ਦਾ ਰਿਵਾਜ ਹੈ। ਪੰਜਾਬ ਵਿੱਚ ਬਸੰਤ ਪੰਚਮੀ ਨੂੰ ਬਹੁਤਾ ਕਰਕੇ ਪਤੰਗਾਂ ਤੇ ਧਾਰਮਿਕ ਸਥਾਨਾਂ ਦੇ ਦਰਸ਼ਨ-ਇਸ਼ਨਾਨ ਨੂੰ ਹੀ ਮਾਨਤਾ ਦਿੱਤੀ ਜਾਂਦੀ ਹੈ। ਬਸੰਤ ਪੰਚਮੀ ਦਾ ਮੁੱਖ ਆਕਰਸ਼ਣ ਪਤੰਗ ਹੀ ਰਿਹਾ ਹੈ। ਭਾਵੇਂ ਪੇਂਡੂ ਲੋਕ ਤਾਂ ਇੱਕ-ਦੋ ਰੰਗਾਂ ਦੇ ਪਤੰਗ ਹੀ ਬਣਾਉਂਦੇ-ਉਡਾਉਂਦੇ ਰਹੇ ਹਨ, ਪਰ ਅਜੋਕੇ ਸਮੇਂ ਅਨੇਕਾਂ ਤਰਾਂ ਦੇ ਪਤੰਗ ਬਜ਼ਾਰ ਵਿੱਚ ਮਿਲਦੇ ਹਨ ਤੇ ਉਨਾਂ ਦੇ ਨਾਂ ਵੀ ਰੱਖੇ ਗਏ ਹਨ ਜਿਵੇਂ ਫੱਟੇਦਾਰ, ਤਰੰਗਾ, ਪੰਚਰੰਗਾ, ਚੰਨ-ਤਾਰਾ, ਮੁੱਛਲ ਪਤੰਗ ਤੇ ਕਮਾਨੀਦਾਰ ਆਦਿ। 'ਪਤੰਗ' ਭਾਵੇਂ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਦੱਸਿਆ ਜਾਂਦਾ ਹੈ ਜਿਸ ਦਾ ਅਰਥ 'ਹਵਾ ਵਿੱਚ ਉੱਡਣ ਵਾਲੀ ਚੀਜ਼ ਜਾਂ ਵਸਤੂ ਹੈ, ਪਰ ਸਾਡੇ ਪੰਜਾਬੀ ਲੋਕ ਤਾਂ ਬਸੰਤ ਤੇ ਪਤੰਗ ਨੂੰ ਜਿਵੇਂ ਇੱਕ ਜਾਨ ਸਮਝਦੇ ਹਨ।

ਅਜੋਕੇ ਸਮੇਂ ਅੱਜ ਇਹ ਬਸੰਤੀ ਜਿਹਾ ਤਿਉਹਾਰ ਵੀ ਦਿਖਾਵੇ ਦੇ ਅਸਰ ਹੇਠ ਆ ਰਿਹਾ ਹੈ। ਮਨ ਦੀ ਖ਼ੁਸ਼ੀ ਨਾਲੋਂ ਬਾਹਰੀ ਅਡੰਬਰ ਜ਼ਿਆਦਾ ਹੋ ਗਏ ਹਨ ਪਰ ਫਿਰ ਵੀ ਇਹ ਤਿਉਹਾਰ ਕੁਦਰਤ ਵੱਲੋਂ ਹੀ ਮਨ ਨੂੰ ਅਨੋਖਾ ਜਿਹਾ ਹੁਲਾਰਾ ਬਖ਼ਸ਼ਦਾ ਹੈ।

– ਪਰਮਜੀਤ ਕੌਰ ਸਰਹਿੰਦ

## ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ
# ਸਾਡਾ ਪੰਜਾਬੀ ਵਿਰਸਾ

005

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਊਰੋ)



01. ਇਕ ਲੋਕ ਬੋਲੀ ਹੈ ਰਾਏਪੁਰ ਗੁਜਰਵਾਲ ਨੀ ਦਰਵਾਜਾ ਹੈਨੀ, ਇਸ 'ਦਰਵਾਜੇ' ਤੋਂ ਕੀ ਭਾਵ ਪਿੰਡ ਦਾ ਸਾਂਝਾ ਵੱਡਾ ਦਰਵਾਜਾ (ਗੇਟ) ਹੈ।
02. 'ਸੂਰੇ' ਸ਼ਬਦ ਯੋਧੇ, ਸੂਰਮੇ ਤੇ ਦਲੇਰ ਤੇ ਤਾਕਤਵਰ ਵਿਅਕਤੀਆਂ ਲਈ ਵਰਤਿਆ ਜਾਂਦਾ ਹੈ।
03. 'ਘੜੋਲੀ ਭਰਨੀ' ਵਿਆਹ ਦੇ ਮੌਕੇ 'ਤੇ ਨਿਭਾਈ ਜਾਣ ਵਾਲੀ ਇੱਕ ਰਸਮ ਹੁੰਦੀ ਸੀ ਜੋ ਅੱਜ-ਕੱਲ੍ਹ ਅਲੋਪ ਹੋ ਗਈ ਹੈ।
04. ਪੰਜਾਬ ਦੇ ਹੱਟੇ ਕੱਟੇ ਨੌਜਵਾਨ ਨੂੰ 'ਚੋਬਰ' ਕਿਸ ਨੂੰ ਕਹਿੰਦੇ ਹਨ।
05. ਕੁੜੀਆਂ ਨੂੰ ਇਕ ਜਗਾ ਇਕੱਠੇ ਹੋ ਕੇ ਚਰਖਾ ਕੱਤਦੀਆਂ ਤੇ ਕੱਢਦੀਆਂ ਹਨ ਉਸ ਨੂੰ 'ਤ੍ਰਿੰਝਣ' ਕਹਿੰਦੇ ਹਨ।





06. ਵਿਛੋੜੇ ਨੂੰ 'ਜੁਦਾਈ' ਕਿਹਾ ਜਾਂਦਾ ਹੈ।
07. 'ਲਵੇਰਾ' ਪਸ਼ੂ ਉਸ ਪਸ਼ੂ ਨੂੰ ਕਿਹਾ ਜਾਂਦਾ ਹੈ ਜਿਹੜਾ ਦੁੱਧ ਦਿੰਦਾ ਹੈ।
08. ਪਸ਼ੂਆਂ ਦੇ ਮੂੰਹ 'ਤੇ ਚੜਾਉਣ ਵਾਲੇ ਰੱਸੀਆਂ ਦੇ ਬੁਣੇ ਹੋਏ ਜਾਲ ਨੂੰ 'ਸਿਕਲੀ' ਕਹਿੰਦੇ ਹਨ।
09. ਮਾਲਵੇ ਵਿੱਚ 'ਊਠ' ਲਈ 'ਬੋਤਾ' ਸ਼ਬਦ ਵੀ ਵਰਤਿਆ ਜਾਂਦਾ ਹੈ।



10. ਖੂਹ ਜੋੜਨ ਲਈ ਬਲਦਾਂ ਦੇ 'ਪੰਜਾਲੀ' ਪਾਈ ਜਾਂਦੀ ਹੈ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ

E-mail: mehakwattandi@rediffmail.com, Help Line: (+91)-9988-92-9988




ਪਿਛਲੇ ਸਮਿਆਂ ਵਿੱਚ ਵਿਆਹ ਵਾਲੇ ਘਰ ਕਈ ਦਿਨ ਰੌਣਕ ਰਹਿੰਦੀ ਸੀ। ਸਾਰੇ ਰਿਸ਼ਤੇਦਾਰਾਂ ਨੂੰ ਸੱਦੇ ਭੇਜੇ ਜਾਂਦੇ ਸਨ। ਵਿਆਹ ਤੋਂ ਪਹਿਲਾਂ ਆਂਢ-ਗੁਆਂਢ ਵਾਲੇ ਵਿਆਹ ਵਾਲੇ ਪਰਿਵਾਰ ਨੂੰ ਮਾਂਜੜਾ (ਰਾਤ ਦਾ ਖਾਣਾ) ਭੇਜਦੇ ਸਨ। ਫਿਰ ਸ਼ਰੀਕੇ ਦੀਆਂ ਔਰਤਾਂ ਵਿਆਹ ਵਾਲੇ ਘਰ ਸੁਹਾਗ ਦੇ ਗੀਤ ਗਾਉਂਦੀਆਂ ਸਨ। ਵਿਆਹ ਤੋਂ ਇਕ ਦਿਨ ਪਹਿਲਾਂ ਮੇਲ ਆ ਜਾਂਦਾ ਸੀ। ਦਾਦਕੀਆਂ-ਨਾਨਕੀਆਂ ਖ਼ੂਬ ਹਾਸਾ ਠੱਠਾ ਕਰਕੇ ਵਿਆਹ ਦੀਆਂ ਖ਼ੁਸ਼ੀਆਂ ਸਾਂਝੀਆਂ ਕਰਦੀਆਂ ਸਨ। ਘਰ ਵਿੱਚ ਹੀ ਫੇਰੇ ਕਰਕੇ ਸ਼ਰੀਕੇ ਦੇ ਸਾਰੇ ਨੌਜਵਾਨ ਖੁਸ਼ੀ ਖੁਸ਼ੀ ਜੰਞ ਦੀ ਸੇਵਾ ਕਰਦੇ ਸਨ। ਮੰਜਿਆਂ 'ਤੇ ਟੰਗਿਆ ਸਪੀਕਰ ਵਿਆਹ ਤੋਂ ਪਹਿਲਾਂ ਤੇ ਪਿੱਛੋਂ ਵਜਦਾ ਰਹਿੰਦਾ ਸੀ। ਦੂਰੋਂ ਆਏ ਰਿਸ਼ਤੇਦਾਰ ਨੂੰ ਪੁੱਛਣ ਦੀ ਲੋੜ ਵੀ ਨਹੀਂ ਪੈਂਦੀ ਸੀ ਕਿ ਵਿਆਹ ਵਾਲਿਆਂ ਦਾ ਘਰ ਕਿੱਥੇ ਹੋਵੇਗਾ। ਪਹਿਲਾਂ ਜੇ ਕਿਸੇ ਦੇ ਘਰ ਵਿਆਹ ਹੋਣਾ ਤਾਂ ਸਾਰੇ ਸ਼ਰੀਕੇ ਨੇ ਉਸ ਨੂੰ ਆਪਣਾ ਨਿੱਜੀ ਪ੍ਰੋਗਰਾਮ ਮੰਨ ਕੇ ਆਪੋ-ਆਪਣੀ ਸਮਰੱਥਾ ਮੁਤਾਬਕ ਯੋਗਦਾਨ ਦੇਣਾ। ਵਿਆਹ ਤੋਂ ਤਿੰਨ-ਚਾਰ ਦਿਨ ਪਹਿਲਾਂ ਗੁਆਂਢੀਆਂ ਤੇ ਰਿਸ਼ਤੇਦਾਰਾਂ ਨੇ ਵਿਆਹ ਦੇ ਕੰਮਾਂ ਵਿੱਚ ਹੱਥ ਵਟਾਉਣਾ ਸ਼ੁਰੂ ਕਰ ਦੇਣਾ। ਗੀਤਾਂ ਦੀਆਂ ਲੰਮੀਆਂ ਹੇਕਾਂ ਮਾਹੌਲ ਨੂੰ ਖ਼ੂਬਸੂਰਤ ਬਣਾ ਦਿੰਦੀਆਂ ਸਨ। ਤਰੱਕੀ ਦੀਆਂ ਬਰੂਹਾਂ ਵੱਲ ਵਧਣ ਨਾਲ ਸਭ ਤੋਂ ਪਹਿਲਾਂ ਜਿਸ ਰਸਮੋ-ਰਿਵਾਜ ਨੂੰ ਖੋਰਾ ਲੱਗਿਆ, ਉਹ ਸੀ ਵਿਆਹ।

ਪਹਿਲਾਂ ਹੁੰਦੇ ਵਿਆਹ ਵਧੀਆ ਸਨ ਕਿਉਂਕਿ ਉਨ੍ਹਾਂ ਵਿੱਚ ਆਪਸੀ ਪਿਆਰ ਅਤੇ ਖੁਸ਼ੀ ਦੀ ਭਾਵਨਾ ਨਜ਼ਰ ਆਉਂਦੀ ਸੀ।ਘਰਾਂ ਵਾਲੇ ਵਿਆਹ ਚੰਗੇ ਸੀ। ਵਿਆਹ ਵਾਲੇ ਘਰਾਂ 'ਚ ਕਈ ਦਿਨ ਰੌਣਕ ਰਹਿੰਦੀ ਸੀ। ਕਈ ਦਿਨ ਪਹਿਲਾਂ ਗੀਤ ਗਾਏ ਜਾਂਦੇ ਸੀ। ਕੁੜੀਆਂ, ਔਰਤਾਂ ਬਰਾਤੀਆਂ ਨੂੰ ਸਿੱਠਣੀਆਂ ਦਿੰਦੀਆਂ। ਹਾਸਾ ਮਜ਼ਾਕ ਸਾਰਾ ਦਿਨ ਚਲਦਾ ਰਹਿੰਦਾ ਸੀ। ਅਨੰਦ ਕਾਰਜ ਵੀ ਘਰ 'ਚ ਹੀ ਹੁੰਦੇ। ਵਿਆਹ ਵਾਲੇ ਘਰ ਕਈ ਦਿਨ ਪਹਿਲਾਂ ਰੌਣਕਾਂ ਲੱਗ ਜਾਂਦੀਆਂ ਸਨ। ਘਰਾਂ ਵਿਚ ਹਲਵਾਈ ਸੱਦ ਕੇ ਖੁਦ ਆਪਣੇ ਹੱਥੀਂ ਮਠਿਆਈ ਤਿਆਰ ਕਰਵਾਈ ਜਾਂਦੀ ਸੀ। ਵਿਆਹ ਵਾਲੇ ਘਰ ਪਿੰਡ ਦੇ ਲੋਕ ਇਕੱਠੇ ਹੋ ਕੇ ਕੰਮ ਕਰਦੇ ਜਿਸ ਨਾਲ ਭਾਈਚਾਰਕ ਸਾਂਝ ਬਣਦੀ ਸੀ। ਕੋਈ ਸਮਾਂ ਸੀ ਜਦੋਂ ਇਕ ਘਰ ਦਾ ਵਿਆਹ ਪੂਰੇ ਪਿੰਡ ਦਾ ਵਿਆਹ ਸਮਝਿਆ ਜਾਂਦਾ ਸੀ। ਵਿਆਹ ਵੀ ਪੂਰਾ ਹਫਤਾ ਚੱਲਦਾ ਸੀ, ਪਰ ਅੱਜ ਦਾ ਵਿਆਹ ਸਿਰਫ ਚਾਰ ਘੰਟਿਆਂ ਦਾ ਹੋ ਕੇ ਰਹਿ ਗਿਆ ਹੈ। ਪੈਲੇਸ ਸੱਭਿਆਚਾਰ ਨੇ ਜਿੱਥੇ ਵਿਆਹ ਵਿਚ ਸ਼ੋਰ-ਸ਼ਰਾਬਾ ਵਧਾਇਆ ਹੈ, ਉੱਥੇ ਆਰਥਿਕ ਪੱਖੋਂ ਵੀ ਢਾਹ ਲਾਈ ਹੈ। ਘਰਾਂ ਵਿਚ ਹੁੰਦੇ ਵਿਆਹਾਂ ਵਿਚ ਰਿਸ਼ਤੇਦਾਰ ਰਲ-ਮਿਲ ਕੇ ਵਿਆਹ ਦਾ ਕੰਮ ਨਿਬੇੜਦੇ ਤੇ ਆਪਸੀ ਦੁੱਖ-ਸੁੱਖ ਸਾਂਝੇ ਕਰਦੇ ਸਨ। ਇਸ ਨਾਲ ਆਪਸੀ ਭਾਈਚਾਰਕ ਸਾਂਝ ਵਧਦੀ ਸੀ।

ਨਾਨਕਾ ਮੇਲ ਵੀ ਪਿੰਡ ਦੀ ਜੂਹ ਵਿਚ ਵੜਨ ਵੇਲੇ ਪਹਿਲਾਂ ਵਾਂਗ ਬੰਬੀਹਾ ਨਹੀਂ ਬੁਲਾਉਂਦਾ ਹੈ। ਅਸਲੀ ਪਹਿਰਾਵੇ, ਰਹੁ-ਰੀਤਾਂ, ਹਾਸੇ-ਮਖੌਲ, ਪਕਵਾਨ, ਸਾਦਗੀ, ਪ੍ਰੇਮ, ਰਿਸ਼ਤੇ-ਨਾਤੇ, ਨਿਹੋਰੇ, ਲੋਕ ਕਲਾਵਾਂ ਤੇ ਕਈ ਹੋਰ ਵੰਨਗੀਆਂ ਆਪਣੀ ਵਿਸ਼ੇਸ਼ ਥਾਂ ਰੱਖਦੇ ਸਨ। ਜੇ ਕੋਈ ਸਰਦਾ-ਪੁੱਜਦਾ ਪਰਿਵਾਰ ਕਿਸੇ ਲੋਕ ਗਾਇਕ ਨੂੰ ਵਿਆਹ 'ਤੇ ਬੁਲਾ ਲੈਂਦਾ ਤਾਂ ਆਸ-ਪਾਸ ਦੇ ਪਿੰਡਾਂ ਦੇ ਲੋਕ ਅਖਾੜਾ ਸੁਣਨ ਲਈ ਟੋਲੀਆਂ ਦੇ ਰੂਪ ਵਿਚ ਪਹੁੰਚ ਜਾਂਦੇ ਸਨ। ਪਹਿਲਾਂ ਘਰਾਂ ਵਿਚ ਜਿਹੜੇ ਵਿਆਹ ਹੁੰਦੇ ਸਨ, ਉਨ੍ਹਾਂ ਵਿਚ ਸੱਭਿਆਚਾਰ ਦੀਆਂ ਬਹੁਤ ਸਾਰੀਆਂ ਝਲਕੀਆਂ ਵੇਖਣ ਨੂੰ ਮਿਲਦੀਆਂ ਸਨ। ਉਦੋਂ ਬਰਾਤ ਵੀ ਕਈ ਦਿਨ ਰਹਿੰਦੀ ਸੀ। ਅੱਜ ਵਾਲੇ ਪਕਵਾਨ ਨਹੀਂ ਸਨ, ਜਿਸ ਕਾਰਨ ਬਰਾਤ ਸੰਭਾਲਣ ਦਾ ਬਹੁਤਾ ਖਰਚਾ ਨਹੀਂ ਹੁੰਦਾ ਸੀ, ਪਰ ਅੱਜ ਤਾਂ ਕੁਝ ਘੰਟਿਆਂ 'ਚ ਹੀ ਬਹੁਤ ਸਾਰਾ ਖਰਚਾ ਹੋ ਜਾਂਦਾ ਹੈ। ਵਿਆਹ 'ਚ ਕੜਾਹੀ ਚੜ੍ਹਨ 'ਤੇ ਘਰ ਵਿਚ ਭੈਣ-ਭਰਾਵਾਂ ਦਾ ਇਕੱਠ ਹੀ ਘਰ ਵਾਲਿਆਂ ਦੇ ਚੰਗੇ ਵਿਹਾਰ ਦੀ ਨਿਸ਼ਾਨੀ ਸੀ। ਜੋ ਵਿਆਹ ਪਹਿਲਾਂ ਘਰਾਂ ਵਿਚ ਹੁੰਦੇ ਸੀ, ਉਨ੍ਹਾਂ ਵਿੱਚੋਂ ਸਾਦਗੀ ਤੇ ਅਪਣੱਤ ਬਹੁਤ ਸੀ। ਰੌਲਾ-ਰੱਪਾ ਨਹੀਂ ਸੀ। ਸਿਰਫ ਰੀਤੀ-ਰਿਵਾਜਾਂ ਦਾ ਬੋਲਬਾਲਾ ਸੀ।

ਪ੍ਰੇਮ ਸਰੂਪ ਫ਼ਾਜ਼ਲੀ, ਮੋ. 94171-34982

Scanned with CamScanner




# ਮਿਹਨਤਾਂ ਵਿਚ ਉਦਾਸੀਆਂ ਨੂੰ ਹਰਾ ਦੇਣ ਦੀ ਅਥਾਹ ਸ਼ਕਤੀ ਹੁੰਦੀ ਹੈ



ਜੇਕਰ ਕਿਸੇ ਕੰਮ ਨੂੰ ਕਰਨ ਦੀ ਦਿਲ ਵਿਚ ਰੀਝ ਹੋਵੇ ਤਾਂ ਜ਼ਿੰਮੇਵਾਰੀਆਂ ਕਦੇ ਵੀ ਥੱਕਣ ਨਹੀਂ ਦਿੰਦੀਆਂ। ਲਗਨ ਹੋਵੇ ਤਾਂ ਥਕਾਵਟ ਕਦੇ ਹਾਵੀ ਨਹੀਂ ਹੁੰਦੀ। ਸ਼ੌਕ ਹੋਵੇ ਤਾਂ ਨਿਰਾਸ਼ਾ ਨੇੜੇ ਨਹੀਂ ਆਉਂਦੀ। ਮਿਹਨਤਾਂ ਵਿਚ ਉਦਾਸੀਆਂ ਨੂੰ ਹਰਾ ਦੇਣ ਦੀ ਅਥਾਹ ਸ਼ਕਤੀ ਹੁੰਦੀ ਹੈ। ਇਕ ਇਰਾਦਾ, ਚਾਅ, ਸ਼ੌਕ, ਲਗਨ ਅਤੇ ਦਿਲਚਸਪੀ ਹੋਣੀ ਚਾਹੀਦੀ ਹੈ, ਵਰਨਾ ਸਿੱਖਣ ਦੀ ਕੋਈ ਉਮਰ ਨਹੀਂ ਹੁੰਦੀ। ਜੇਕਰ ਤੁਹਾਡੇ ਹੱਥਾਂ ਵਿਚ ਹੁਨਰ ਹੈ ਤਾਂ ਤੁਸੀਂ ਦੁਨੀਆ ਦੇ ਕਿਸੇ ਹਿੱਸੇ 'ਚ ਮਰਜ਼ੀ ਚਲੇ ਜਾਓ, ਤੁਸੀਂ ਬੇਰੁਜ਼ਗਾਰ ਨਹੀਂ ਹੋਵੋਗੇ। ਵੱਡੀਆਂ-ਵੱਡੀਆਂ ਗੱਲਾਂ ਨਾਲ ਤੁਸੀਂ ਸਿਆਣੇ ਨਹੀਂ ਹੋ ਸਕਦੇ, ਬਲਕਿ ਛੋਟੀਆਂ ਛੋਟੀਆਂ ਗੱਲਾਂ ਦੇ ਅਮਲ ਤੁਹਾਨੂੰ ਸਮਝਦਾਰ ਬਣਾਉਂਦੇ ਹਨ। ਅੱਜ-ਕੱਲ੍ਹ ਮਾਪੇ ਅਕਸਰ ਇਸ ਗੱਲ ਦੀ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਦੇ ਬੱਚੇ-ਬੱਚੀਆਂ ਨਾ ਸਿਰਫ਼ ਪੜ੍ਹਾਈ ਵੱਲ ਘੱਟ ਧਿਆਨ ਦਿੰਦੇ ਹਨ, ਸਗੋਂ ਉਹ ਘਰੇਲੂ ਕੰਮਾਂ ਵਿਚ ਵੀ ਮਾਪਿਆਂ ਨਾਲ ਹੱਥ ਨਹੀਂ ਵਟਾਉਂਦੇ। ਮਾਵਾਂ ਇਸ ਗੱਲੋਂ ਦੁਖੀ ਹਨ ਕਿ ਉਨ੍ਹਾਂ ਦੀਆਂ ਧੀਆਂ ਪੜ੍ਹਾਈ ਵਿਚ ਤਾਂ ਠੀਕ ਹਨ ਪਰ ਉਹ ਘਰ ਦੇ ਕਿਸੇ ਕੰਮ ਵਿਚ ਕੋਈ ਦਿਲਚਸਪੀ ਨਹੀਂ ਲੈਂਦੀਆਂ। ਉਹ ਆਪਣਾ ਜ਼ਿਆਦਾਤਰ ਸਮਾਂ ਪੜ੍ਹਾਈ ਤੋਂ ਇਲਾਵਾ ਮੋਬਾਈਲ ਵਿਚ ਖਰਚ ਕਰ ਦਿੰਦੀਆਂ ਹਨ। ਦਿਲਚਸਪੀ ਤੋਂ ਬਗ਼ੈਰ ਕੁਝ ਵੀ ਸਿੱਖਿਆ ਨਹੀਂ ਜਾ ਸਕਦਾ। ਸ਼ੌਕ ਵਿਚੋਂ ਹੀ ਇਰਾਦੇ ਦਾ ਜਨਮ ਹੁੰਦਾ ਹੈ।

ਨਿੱਕੇ-ਨਿੱਕੇ ਆਪਣੇ ਕੰਮ ਆਪ ਕਰਨ ਅਤੇ ਸਿੱਖਣ ਵਿਚ ਕੋਈ ਸ਼ਰਮ ਨਹੀਂ, ਸਗੋਂ ਸ਼ਰਮ ਤਾਂ ਇਸ ਗੱਲ ਵਿਚ ਹੁੰਦੀ ਹੈ ਜਦੋਂ ਸਾਨੂੰ ਕੋਈ ਕੰਮ ਕਰਨ ਲਈ ਕਹੇ ਜਾਂ ਕਰਨਾ ਪਵੇ ਪਰ ਸਾਨੂੰ ਉਸ ਨੂੰ ਕਰਨ ਦੀ ਜਾਂਚ ਨਾ ਹੋਵੇ। ਜੋ ਵਿਅਕਤੀ ਆਪਣੇ-ਆਪ ਬਾਰੇ ਵੀ ਕੋਈ ਸੋਚ ਨਹੀਂ ਰੱਖਦਾ, ਉਹ ਦੂਜਿਆਂ ਬਾਰੇ ਵੀ ਕੀ ਸੋਚ ਸਕਦਾ ਹੈ? ਨਿਮਰਤਾ ਤੋਂ ਵੱਡੀ ਕੋਈ ਤਾਕਤ ਨਹੀਂ, ਜੇਕਰ ਸਾਡੇ ਦੇਸ਼ ਦੀ ਲੜਕੀ ਚੰਨ 'ਤੇ ਜਾ ਸਕਦੀ ਹੈ, ਪਾਇਲਟ ਬਣ ਕੇ ਜੰਗੀ ਜਹਾਜ਼ ਚਲਾ ਸਕਦੀ ਹੈ, ਮਾਊਂਟ ਐਵਰੈਸਟ ਦੀਆਂ ਚੋਟੀਆਂ ਨੂੰ ਸਰ ਕਰ ਸਕਦੀ ਹੈ, ਦੇਸ਼ ਦੀ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਬਣ ਕੇ ਦੇਸ਼ ਚਲਾ ਸਕਦੀ ਹੈ ਤਾਂ ਫਿਰ ਸਾਡੀਆਂ ਲੜਕੀਆਂ ਆਪਣੇ ਨਿੱਕੇ-ਨਿੱਕੇ ਕੰਮਾਂ ਵਿਚ ਮੁਹਾਰਤ ਹਾਸਲ ਕਿਉਂ ਨਹੀਂ ਕਰ ਸਕਦੀਆਂ? ਤੁਸੀਂ ਹੁਨਰਮੰਦ ਬਣੋ ਤਾਂ ਕਿ ਤੁਸੀਂ ਹੀਣ ਭਾਵਨਾ ਤੋਂ ਬਚ ਸਕੋ। ਮਦਦ ਕਰਨ ਵਾਲੇ ਉਨ੍ਹਾਂ ਦੀ ਮਦਦ ਜ਼ਰੂਰ ਕਰਦੇ ਹਨ, ਜਿਹੜੇ ਆਪਣੀ ਮਦਦ ਆਪ ਕਰਦੇ ਹਨ। ਆਪਣੀ ਮਦਦ ਆਪ ਕਰਨ ਨਾਲ ਜਿਹੜੀ ਕਮੀ ਬਾਕੀ ਰਹਿ ਜਾਂਦੀ ਹੈ, ਉਸ ਕਮੀ ਨੂੰ ਪੂਰਾ ਕਰਨ ਲਈ ਬਹੁਤ ਸਾਰੇ ਹਮਦਰਦ ਦਿਲ, ਦਾਇਆਵਾਨ ਲੋਕ ਆਪਣੇ-ਆਪ ਪਹੁੰਚ ਜਾਂਦੇ ਹਨ।

ਸਿੱਖਣ ਦਾ ਸ਼ੌਕ ਹੋਣਾ ਚਾਹੀਦਾ ਹੈ, ਸਿਖਾਉਣ ਵਾਲਿਆਂ ਦੀ ਕੋਈ ਕਮੀ ਨਹੀਂ ਹੈ। ਸਿੱਖਣ ਦੀ ਕੋਸ਼ਿਸ਼ ਕਰਨ ਵਾਲੇ ਤਾਂ ਆਪਣੇ-ਆਪ ਤੋਂ ਵੀ ਬਹੁਤ ਕੁਝ ਸਿੱਖ ਲੈਂਦੇ ਹਨ। ਜੇਕਰ ਤੁਸੀਂ ਆਪਣੇ ਕੰਮ ਆਪ ਨਹੀਂ ਕਰੋਗੇ ਤਾਂ ਦੁਨੀਆ ਉਸ ਕੰਮ ਨੂੰ ਕਰਨ ਲਈ ਤੁਹਾਡੇ ਤੋਂ ਦੁੱਗਣੀ ਕੀਮਤ ਵਸੂਲੇਗੀ। ਘਰ ਦੀ ਰਸੋਈ ਵਿਚ ਆਪਣਾ ਖਾਣਾ ਆਪ ਤਿਆਰ ਕਰੋ, ਇਸ ਨਾਲ ਨਾ ਸਿਰਫ਼ ਤੁਸੀਂ ਆਪਣਾ ਮਨਪਸੰਦ ਖਾਣਾ ਤਿਆਰ ਕਰ ਸਕਦੇ ਹੋ, ਸਗੋਂ ਇਸ ਨਾਲ ਤੁਹਾਡੇ ਆਤਮ-ਵਿਸ਼ਵਾਸ 'ਚ ਵੀ ਵਾਧਾ ਹੋਵੇਗਾ। ਖਾਣਾ ਤਿਆਰ ਕਰਨਾ, ਕੱਪੜੇ ਧੋਣਾ, ਘਰ ਦੀ ਸਫ਼ਾਈ ਆਦਿ ਤੁਸੀਂ ਖ਼ੁਦ ਕਰੋਗੇ ਤਾਂ ਤੁਹਾਨੂੰ ਮਾਵਾਂ ਦੀ ਮਿਹਨਤ ਦੇ ਸਹੀ ਮੁੱਲ ਦਾ ਪਤਾ ਲੱਗੇਗਾ। ਹੁਨਰਮੰਦ ਲੜਕੀਆਂ ਜਿਥੇ ਵੀ ਜਾਣ, ਉਹ ਆਪਣੀ ਲਿਆਕਤ, ਕਲਾ, ਯੋਗਤਾ ਅਤੇ ਸਿਆਣਪ ਜ਼ਰੀਏ ਦੂਜਿਆਂ ਦੇ ਦਿਲ ਵਿਚ ਥਾਂ ਬਣਾ ਹੀ ਲੈਂਦੀਆਂ ਹਨ। ਹੁਨਰਮੰਦ ਹੱਥ ਹਮੇਸ਼ਾ ਹੀ ਖ਼ੂਬਸੂਰਤ ਹੁੰਦੇ ਹਨ। ਨਿੰਦਿਆ, ਚੁਗਲੀ, ਲੜਾਈ, ਝਗੜਾ, ਬਹਿਸ, ਵਿਖਾਵਾ, ਫਜ਼ੂਲ ਖਰਚੀ, ਬੇਈਮਾਨੀ ਆਦਿ ਸਭ ਅਲਾਮਤਾਂ ਆਲਸ, ਬੇਸਮਝੀ, ਘੁਮੰਡ, ਹਾਉਮੈ ਆਦਿ ਦੀ ਦੇਣ ਹਨ। ਜੋ ਚਾਹੁੰਦੇ ਹੋ, ਉਸ ਲਈ ਤਿਆਰ ਹੋਵੋ, ਜੋ ਨਹੀਂ ਹੈ, ਉਸ ਨੂੰ ਸਵੀਕਾਰ ਕਰੋ। ਮੈਂ ਇਹ ਕੰਮ ਕਰ ਸਕਦੀ ਹਾਂ ਅਤੇ ਕਰਨਾ ਜਾਣਦੀ ਹਾਂ ਪਰ ਕਰਦੀ ਨਹੀਂ ਹਾਂ ਤਾਂ ਇਸ ਦਾ ਸਿੱਧਾ ਮਤਲਬ ਹੈ ਕਿ ਤੁਸੀਂ ਉਸ ਕੰਮ ਦੀ ਸਹੀ ਕੀਮਤ ਤੋਂ ਵਾਕਿਫ਼ ਨਹੀਂ ਹੋ। ਇਹ ਬਹੁਤ ਵੱਡਾ ਭੁਲੇਖਾ ਹੈ ਕਿ ਲੋਕ ਸਿਰਫ਼ ਤੁਹਾਡੀ ਸੁੰਦਰਤਾ ਨੂੰ ਹੀ ਪਿਆਰ ਕਰਦੇ ਹਨ।

ਕੰਮ ਸਿੱਖਣ ਲਈ ਕੰਮ ਨੂੰ ਸਮਾਂ ਦੇਣਾ ਪੈਂਦਾ ਹੈ। ਰਿਸ਼ਤਾ ਨਿਭਾਉਣ ਲਈ ਰਿਸ਼ਤੇ ਨੂੰ ਸਮਾਂ ਦੇਣਾ ਪੈਂਦਾ ਹੈ। ਸਿਰਫ਼ ਸਿਲੇਬਸ ਦੀ ਪੜ੍ਹਾਈ ਵਿਚ ਤੁਹਾਡਾ ਹੁਸ਼ਿਆਰ ਹੋਣਾ ਹੀ ਕਾਫ਼ੀ ਨਹੀਂ ਹੈ, ਤੁਹਾਡੇ ਕੋਲ ਹੋਰ ਕੰਮਾਂ ਦੇ ਹੁਨਰ ਵੀ ਹੋਣੇ ਚਾਹੀਦੇ ਹਨ, ਕਿਉਂਕਿ ਆਉਣ ਵਾਲਾ ਸਮਾਂ ਬੜੀ ਤੇਜ਼ੀ ਨਾਲ ਇਸ ਗੱਲ ਦੀ ਮੰਗ ਕਰ ਰਿਹਾ ਹੈ। ਇਸੇ ਨੂੰ ਅਸੀਂ ਆਤਮ ਨਿਰਭਰ ਹੋਣਾ ਕਹਿੰਦੇ ਹਾਂ।

ਰਾਜਿੰਦਰ ਰਾਣੀ (ਪਿੰਡ ਗੰਢੂਆਂ)। ਮੋ. 81468-59585

# ਪੰਜਾਬੀ ਰਸੋਈ



## ਦਮ ਆਲੂ





**ਲੋੜੀਂਦੀ ਸਮੱਗਰੀ :**

| | | |
|---|---|---|
| ਛੋਟੇ ਆਲੂ | : | 400 ਗ੍ਰਾਮ ਜਾਂ 12-14 |
| ਅਦਰਕ | : | 1 ਇੰਚ ਲੰਮਾ ਟੁਕੜਾ |
| ਟਮਾਟਰ (ਦਰਮਿਆਨੇ ਆਕਾਰ ਵਾਲੇ) | : | 3-4 |
| ਹਰੀ ਮਿਰਚ | : | 2 |
| ਰਿਫਾਇੰਡ ਤੇਲ | : | 2 ਟੇਬਲ ਸਪੂਨ |
| ਆਲੂ ਤਲਣ ਲਈ | | |
| ਜੀਰਾ | : | ½ ਛੋਟਾ ਚਮਚ |
| ਹਲਦੀ ਪਾਊਡਰ | : | 1 ਛੋਟਾ ਚਮਚ |
| ਧਨੀਆ ਪਾਊਡਰ | : | 1 ਛੋਟਾ ਚਮਚ |
| ਕ੍ਰੀਮ ਜਾਂ ਮਲਾਈ | : | 50 ਗ੍ਰਾਮ |
| ਕਾਜੂ | : | 25-30 |
| ਤਾਜ਼ਾ ਦਹੀਂ | : | 50 ਗ੍ਰਾਮ |
| ਮਿਰਚ ਪਾਊਡਰ | : | ¼ ਚਮਚ ਤੋਂ ਘੱਟ |
| ਗਰਮ ਮਸਾਲਾ | : | ¼ ਚਮਚ ਤੋਂ ਘੱਟ |
| ਹਰਾ ਧਨੀਆ (ਬਾਰੀਕ ਕੱਟਿਆ ਹੋਇਆ) | : | 1 ਵੱਡਾ ਚਮਚ |
| ਨਮਕ | : | ਸੁਆਦ ਅਨੁਸਾਰ |

**ਬਣਾਉਣ ਦੀ ਵਿਧੀ :**

ਸਭ ਤੋਂ ਪਹਿਲਾਂ ਆਲੂਆਂ ਨੂੰ ਉਬਾਲ ਲਓ। ਉਬਾਲਣ ਤੋਂ ਬਾਅਦ ਛਿਲ ਕੇ ਕਾਂਟੇ ਦੀ ਸਹਾਇਤਾ ਨਾਲ ਛੇਦ ਕਰ ਲਓ। ਕੜ੍ਹਾਹੀ ਵਿਚ ਤੇਲ ਗਰਮ ਕਰੋ ਤੇ ਉਸ ਵਿਚ ਉਬਾਲੇ ਹੋਏ ਆਲੂ ਪਾਉ। ਇਨ੍ਹਾਂ ਨੂੰ ਹਲਕਾ ਭੂਰਾ ਹੋਣ ਤਕ ਤਲੋ। (ਤੁਸੀਂ ਚਾਹੋ ਤਾਂ ਆਲੂਆਂ ਨੂੰ ਛਿਲ ਕੇ ਕਾਂਟੇ ਨਾਲ ਛੇਦ ਕਰੋ ਅਤੇ ਤੇਲ ਲਗਾ ਕੇ ਮਾਈਕ੍ਰੋਵੇਵ ਓਵਨ ਵਿਚ ਵੀ ਭੁੰਨ ਸਕਦੇ ਹੋ)। ਮਿਕਸੀ ਵਿਚ ਟਮਾਟਰ, ਹਰੀ ਮਿਰਚ, ਅਦਰਕ ਅਤੇ ਕਾਜੂ ਬਾਰੀਕ ਪੀਸ ਲਉ। ਕੜ੍ਹਾਹੀ ਵਿਚ ਤੇਲ ਪਾ ਕੇ ਗਰਮ ਕਰੋ। ਸਭ ਤੋਂ ਪਹਿਲਾਂ ਜੀਰਾ ਪਾਉ। ਇਸ ਤੋਂ ਬਾਅਦ ਹਲਦੀ ਪਾਊਡਰ, ਧਨੀਆ ਪਾਊਡਰ ਅਤੇ ਉਸ ਤੋਂ ਬਾਅਦ ਟਮਾਟਰ, ਕਾਜੂ ਦਾ ਪੇਸਟ ਅਤੇ ਕਰੀਮ ਪਾ ਕੇ ਚਮਚ ਨਾਲ ਚੰਗੀ ਤਰ੍ਹਾਂ ਹਿਲਾਉ। ਮਸਾਲੇ ਵਿਚ ਲਾਲ ਮਿਰਚ ਅਤੇ ਨਮਕ ਮਿਲਾ ਕੇ ਹਿਲਾਉ।

ਜਦੋਂ ਮਸਾਲਾ ਹਲਕਾ ਭੂਰਾ ਹੋਣ ਲਗ ਜਾਵੇ ਤੇ ਮਸਾਲਾ ਤੇਲ ਛੱਡ ਦੇਵੇ ਤਾਂ ਉਸ ਵਿਚ ਦਹੀਂ ਮਿਲਾਉ। ਜ਼ਰੂਰਤ ਅਨੁਸਾਰ ਪਾਣੀ ਮਿਲਾਉ ਅਤੇ ਉਬਾਲ ਆਉਣ ਤਕ ਹਿਲਾਉ। ਤਰੀ ਵਿਚ ਆਲੂ ਪਾਉ। ਉਸ ਤੋਂ ਬਾਅਦ ਗਰਮ ਮਸਾਲਾ ਪਾਉ ਅਤੇ ਦੋ ਮਿੰਟ ਤਕ ਢਕ ਕੇ ਰੱਖੋ ਤਾਂ ਕਿ ਆਲੂਆਂ ਵਿਚ ਸਾਰੇ ਮਸਾਲੇ ਮਿਲ ਜਾਣ। ਅਖੀਰ ਵਿਚ ਹਰਾ ਧਨੀਆ ਪਾ ਦਿਉ। ਇਸ ਤਰ੍ਹਾਂ ਸੁਆਦਿਸ਼ਟ ਦਮ ਆਲੂ ਤਿਆਰ ਹਨ। ਇਨ੍ਹਾਂ ਨੂੰ ਨਾਨ, ਪਰੌਂਠੇ, ਰੋਟੀ ਜਾਂ ਚਾਵਲਾਂ ਨਾਲ ਖਾਇਆ ਜਾ ਸਕਦਾ ਹੈ।

ਪੇਸ਼ਕਸ: ਭਾਗਵੰਤੀ ਪੁਰਬਾ

Opening Soon in Moga
MEWADILA
Coffee's
...ਕੌਫੀ ਦਾ ਕੜਕ ਸਵਾਦ

# ਮਾਂ-ਬਾਪ ਦੀ ਬੱਚਿਆਂ ਪ੍ਰਤੀ ਕੀ ਹੈ ਜ਼ਿੰਮੇਵਾਰੀ?



ਮਾਂ-ਬਾਪ ਦੀ ਇਹ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਵੱਡੇ ਹੋ ਕੇ ਨਾਮਵਰ ਵਿਅਕਤਿਤਵ ਦੇ ਮਾਲਕ ਅਤੇ ਉੱਚ ਅਫ਼ਸਰ ਬਨਣ। ਇਸ ਲਈ ਆਪਣੀ ਇਸ ਇੱਛਾ ਦੀ ਪੂਰਾ ਕਰਨ ਲਈ ਉਹ ਆਪਣੇ ਬੱਚਿਆਂ ਨੂੰ ਚੰਗੀ ਅਤੇ ਮਹਿੰਗੀ ਸਿੱਖਿਆ ਦਵਾਉਣ ਦੀ ਕੋਸ਼ਿਸ਼ ਕਰਦੇ ਹਨ। ਬੱਚਿਆਂ ਦੀ ਜ਼ਿੰਮੇਵਾਰੀ ਨਿਭਾਉਣੀ ਹਰ ਮਾਂ-ਬਾਪ ਦਾ ਫਰਜ਼ ਹੈ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਸਾਰੇ ਮਾਂ-ਬਾਪ ਆਪਣੀ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਦੇ ਹਨ? ਬੱਚਿਆਂ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਵਿੱਚ ਕਈ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਵਿੱਚੋਂ ਸਭ ਤੋਂ ਵੱਡੀ ਔਕੜ ਤਾਂ ਆਰਥਿਕ ਹੁੰਦੀ ਹੈ। ਦੂਜੀ ਵੱਡੀ ਔਕੜ ਸਮੇਂ ਦੀ ਘਾਟ ਹੁੰਦੀ ਹੈ।

ਬੱਚਿਆਂ ਤੋਂ ਅਸੀਂ ਕੁੱਝ ਚੰਗੀ ਆਸ ਤਾਂ ਹੀ ਕਰ ਸਕਦੇ ਹਾਂ ਜੇਕਰ ਅਸੀਂ ਉਨ੍ਹਾਂ ਪ੍ਰਤੀ ਮਿੱਤਰਤਾ ਵਾਲਾ ਵਤੀਰਾ ਰੱਖਿਆ ਹੋਵੇਗਾ। ਮਾਂ-ਬਾਪ ਬੱਚੇ ਦੇ ਸਭ ਤੋਂ ਨੇੜਲੇ ਦੋਸਤ ਹੁੰਦੇ ਹਨ। ਸਾਨੂੰ ਬੱਚਿਆ ਪ੍ਰਤੀ ਆਪਣਾ ਰੁਖ ਕੁੱਝ ਇਸ ਤਰ੍ਹਾਂ ਦਾ ਰੱਖਣਾ ਚਾਹੀਦਾ ਹੈ ਕਿ ਉਹ ਤੁਹਾਨੂੰ ਆਪਣਾ ਦੋਸਤ ਸਮਝਣ। ਬੱਚਿਆਂ ਨੂੰ ਚੰਗੇ ਸੰਸਕਾਰ ਗ੍ਰਹਿਣ ਕਰਵਾਣੇ ਚਾਹੀਦੇ ਹਨ। ਸਭ ਤੋਂ ਪਹਿਲਾਂ ਬੱਚਾ ਸੰਸਕਾਰਾਂ ਨੂੰ ਆਪਣੇ ਮਾਂ-ਬਾਪ ਅਤੇ ਪਰਿਵਾਰ ਤੋਂ ਹੀ ਪ੍ਰਾਪਤ ਕਰਦਾ ਹੈ। ਇਹੀ ਬੱਚੇ ਦੀ ਮੁੱਢਲੀ ਸਿੱਖਿਆ ਹੁੰਦੀ ਹੈ। ਇਸ ਲਈ ਬੱਚਿਆਂ 'ਚ ਵੱਡਿਆਂ ਦੀ ਇੱਜ਼ਤ ਕਰਨ, ਆਏ ਗਏ ਦਾ ਆਦਰ-ਮਾਣ ਕਰਨ, ਵੱਡਿਆਂ ਨੂੰ ਜੀ ਕਹਿ ਕੇ ਬੁਲਾਉਣ, ਬੋਲਣ ਅਤੇ ਗੱਲਾਂ ਆਦਿ ਕਰਨ ਦਾ ਸਹੀ ਸਲੀਕਾ ਸਿਖਾਉਣਾ ਚਾਹੀਦਾ ਹੈ।

ਬੱਚਾ ਜਦੋਂ ਥੋੜਾ ਜਿਹਾ ਵੱਡਾ ਹੋ ਜਾਵੇ ਅਤੇ ਘਰੋਂ ਬਾਹਰ ਆਪਣੇ ਦੋਸਤਾਂ ਮਿਤੱਰਾਂ ਨਾਲ ਜਾ ਕੇ ਖੇਲਣਾ ਸ਼ੁਰੂ ਕਰ ਦੇਵੇ ਤਾਂ ਉਸ ਉੱਤੇ ਪੂਰੀ ਨਜ਼ਰ ਰੱਖਣੀ ਚਾਹੀਦੀ ਹੈ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਕੀ ਬੱਚਾ ਗਾਲਾਂ ਤਾਂ ਨਹੀਂ ਕੱਢ ਰਿਹਾ? ਬੱਚੇ ਨੂੰ ਅਜਿਹੇ ਗਲਤ ਸੰਗਤ ਵਾਲੇ ਮਿੱਤਰਾਂ ਤੋਂ ਦੂਰ ਰੱਖਣਾ ਚਾਹੀਦਾ ਹੈ। ਸਮੇਂ-ਸਮੇਂ ਤੇ ਬੱਚੇ ਦੇ ਦੋਸਤਾਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਦੇ ਮਾਤਾ-ਪਿਤਾ ਕੀ ਕਰਦੇ ਹਨ? ਉਹ ਕਿੱਥੇ ਰਹਿੰਦੇ ਹਨ? ਉਨ੍ਹਾਂ ਦੇ ਸੰਸਕਾਰ ਕਿਹੋ ਜਿਹੇ ਹਨ? ਉਨ੍ਹਾਂ ਬੱਚਿਆਂ ਦਾ ਵਤੀਰਾ ਕਿਹੋ ਜਿਹਾ ਹੈ? ਉਨ੍ਹਾਂ ਦੀ ਬੋਲ ਬਾਣੀ ਕਿਹੋ ਜਿਹੀ ਹੈ? ਆਦਿ ਅਜਿਹੇ ਕੁੱਝ ਪ੍ਰਸ਼ਨਾਂ ਦਾ ਕਦੇ-ਕਦੇ ਉੱਤਰ ਬੱਚੇ ਦੇ ਦੋਸਤਾਂ ਚੋਂ ਟਟੋਲਣਾ ਚਾਹੀਦਾ ਹੈ।

ਜਦੋਂ ਬੱਚਾ ਜਵਾਨੀ ਦੀ ਦਹਿਲੀਜ਼ ਤੇ ਕਦਮ ਰੱਖੇ ਤਾਂ ਉਸ ਵੇਲੇ ਉਸ ਤੇ ਵਿਸ਼ੇਸ਼ ਨਜ਼ਰ ਰੱਖਣੀ ਚਾਹੀਦੀ ਹੈ। ਉਹ ਕਿੱਥੇ ਜਾਂਦਾ ਹੈ? ਕਿਹੋ ਜਿਹੀਆਂ ਕਿਤਾਬਾਂ ਪੜ੍ਹਦਾ ਹੈ? ਕਿਸ ਤਰ੍ਹਾਂ ਦੇ ਟੀ.ਵੀ. ਸੀਰੀਅਲ ਵੇਖਦਾ ਹੈ? ਕਿਹੋਂ ਜਿਹੀਆਂ ਫ਼ਿਲਮਾਂ ਵੇਖਦਾ ਹੈ? ਉਸ ਦੀ ਰਹਿਣੀ-ਬਹਿਣੀ ਕਿਹੋ ਜਿਹੇ ਦੋਸਤਾਂ ਨਾ ਹੈ? ਆਦਿ ਅਜਿਹੇ ਕੁੱਝ ਪ੍ਰਸ਼ਨਾਂ ਦੇ ਉੱਤਰ ਉਨ੍ਹਾਂ ਦੀਆਂ ਹਰਕਤਾਂ ਤੋਂ ਲੱਭਣੇ ਚਾਹੀਦੇ ਹਨ।

ਦਸਵੀਂ ਜਮਾਤ ਪਾਸ ਕਰਨ ਉਪਰੰਤ ਅਜਿਹਾ ਸਮਾਂ ਆਉਂਦਾ ਹੈ ਜਦੋਂ ਬੱਚਾ ਜਿਆਦਾ ਦੁਵਿਧਾ ਵਿੱਚ ਹੁੰਦਾ ਹੈ, ਕਿਉਂਕਿ ਇਸ ਮੁਕਾਮ ਤੇ ਉਸ ਨੇ ਨਵੇਂ ਵਿਸ਼ਿਆਂ ਦੀ ਚੋਣ ਕਰਨੀ ਹੁੰਦੀ ਹੈ। ਅਜਿਹੇ ਮੋਕੇ ਮਾਂ-ਬਾਪ ਨੂੰ ਉਨ੍ਹਾਂ ਦਾ ਮਾਰਗ ਦਰਸ਼ਨ ਕਰਨਾ ਚਾਹੀਦਾ ਹੈ। ਬੱਚੇ ਦੀ ਬੌਧਿਕ ਸਮਰਥਾ, ਉਸਦੀਆਂ ਰੁਚੀਆਂ ਅਤੇ ਉਸ ਦੇ ਇੰਟਰਸਟ ਵਗੈਰਾ ਨੂੰ ਵੇਖ ਕੇ ਹੀ ਉਸ ਨੂੰ ਨਵੇਂ ਵਿਸ਼ੇ ਜਾਂ ਨਵੀਂ ਸਟਰੀਮ ਲੈ ਕੇ ਦੇਣੀ ਚਾਹੀਦੀ ਹੈ। ਅਜਿਹਾ ਕਰਦੇ ਸਮੇਂ ਆਪਣੀ ਆਰਥਿਕ ਹਾਲਤ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਕਿਉਂਕਿ ਵਿੱਦਿਆ ਦੇ ਕਈ ਖੇਤਰ ਜ਼ਿਆਦਾ ਖਰਚੀਲੇ ਹਨ ਅਤੇ ਇਹ ਤੁਹਾਡੀ ਜ਼ਿੰਦਗੀ ਦੀ ਆਰਥਿਕ ਗੱਡੀ ਨੂੰ ਲੀਹੋ ਲਾਹ ਸਕਦੇ ਹਨ। ਪਰ ਫੇਰ ਵੀ ਚੰਗੀ ਸਿੱਖਿਆ ਦਿਵਾਉਣ ਵੱਲ ਧਿਆਨ ਜਰੂਰ ਕੇਂਦ੍ਰਤ ਕਰਨਾ ਚਾਹੀਦਾ ਹੈ।

ਸਿੱਖਿਆ ਪ੍ਰਾਪਤੀ ਤੋਂ ਬਾਅਦ ਬੱਚਿਆਂ ਨੂੰ ਸੈਟ ਕਰਨਾ ਵੀ ਮਾਂ-ਬਾਪ ਦਾ ਵੱਡਾ ਫਰਜ਼ ਹੈ। ਬੱਚੇ ਦੇ ਜਨਮ ਤੋਂ ਹੀ ਇਸ ਦਿਸ਼ਾ ਵੱਲ ਆਰਥਿਕ ਸੋਚ ਰੱਖਣੀ ਚਾਹੀਦੀ ਹੈ। ਅੱਜਕੱਲ ਬਿਜਨਸ ਵਿੱਚ ਬਹੁਤ ਪੈਸਾ ਲੱਗਦਾ ਹੈ। ਇਸ ਲਈ ਸ਼ੁਰੂ ਤੋਂ ਹੀ ਬੱਚੇ ਚੇ ਖਾਤੇ ਵਿੱਚ ਆਪਣੀ ਆਮਦਨ ਜਾਂ ਤਨਖਾਹ ਦਾ ਕੁੱਝ ਹਿੱਸਾ ਜਮਾਂ ਕਰਵਾਂਦੇ ਰਹਿਣਾ ਚਾਹੀਦਾ ਹੈ। ਥੋੜੀ-ਥੋੜੀ ਜਮਾਂ ਕਰਵਾਈ ਰਾਸ਼ੀ ਵੀਹ-ਬਾਈ ਸਾਲਾ ਵਿੱਚ ਵੱਡਾ ਰੂਪ ਧਾਰ ਲੈਂਦੀ ਹੈ। ਜੇ ਬੱਚੇ ਨੂੰ ਡਾਕਟਰ, ਇੰਜੀਨੀਅਰ ਬਣਾਉਣਾ ਹੈ ਤਾਂ ਇਹ ਪੈਸਾ ਉਸ ਦੀ ਸਿੱਖਿਆ ਤੇ ਅਤੇ ਜੇ ਉਸਨੂੰ ਦੁਕਾਨ - ਫੈਕਟਰੀ ਖੋਲ ਕੇ ਦੇਣੀ ਹੈ ਤਾਂ ਇਹ ਰਾਸ਼ੀ ਬਿਜ਼ਨੈਸ ਸੈਟ ਕਰਨ ਵਿੱਚ ਵੱਡਾ ਰੋਲ ਅਦਾ ਕਰਦੀ ਹੈ।

ਵਿਆਹ ਵੀ ਜ਼ਿੰਦਗੀ ਦਾ ਇਕ ਅਹਿਮ ਮੁਕਾਮ ਹੁੰਦਾ ਹੈ। ਇਸ ਮੋਕੇ ਮਾਪਿਆਂ ਨੂੰ ਬਹੁਤ ਭੱਜ-ਦੌੜ ਕਰਨੀ ਪੈਂਦੀ ਹੈ। ਹਾਂ, ਉਸ ਨੂੰ ਗਲਤ ਠੀਕ ਬਾਰੇ ਜਰੂਰ ਦੱਸਣਾ ਚਾਹੀਦਾ ਹੈ। ਜੇ ਬੱਚਾ ਪ੍ਰੇਮ ਵਿਆਹ ਕਰਵਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਸਭ ਕੁਝ ਸਮਝਾਉਣ ਤੋਂ ਬਾਅਦ ਅਰੇਂਜਡ ਮੈਰਿਜ ਵਿੱਚ ਬਦਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

- ਮਾਸਟਰ ਪ੍ਰੇਮ ਸਰੂਪ ਫ਼ਾਜਲੀ। ਮੋ. 94171-34982

# ਬੇਹੱਦ ਜਰੂਰੀ ਹੈ ਔਖੇ ਸਮੇਂ ਵਿੱਚ ਆਪਣੇ ਆਪ ਨੂੰ ਮਜ਼ਬੂਤ ਬਣਾਉਣਾ



ਦੋਸਤੋ ਜ਼ਿੰਦਗੀ ਦੇ ਰਾਹਾਂ ਵਿੱਚ ਮੁਸੀਬਤਾਂ ਤਾਂ ਆਉਣਾ ਸੁਭਾਵਿਕ ਹੀ ਹੈ। ਹਰ ਇੱਕ ਮਨੁੱਖ ਦੀ ਜ਼ਿੰਦਗੀ ਵਿੱਚ ਉਤਰਾ ਚੜਾਅ ਆਉਂਦੇ ਹੀ ਰਹਿੰਦੇ ਹਨ। ਕਈ ਵਾਰ ਅਜਿਹਾ ਸਮਾਂ ਵੀ ਆਉਂਦਾ ਹੈ ਜਦੋਂ ਅਸੀਂ ਬਿਲਕੁਲ ਇਕੱਲੇ ਰਹਿ ਜਾਂਦੇ ਹਾਂ। ਚਾਹੇ ਸਾਡੇ ਕੋਲ ਲੱਖ ਇਨਸਾਨ ਹੋਣ ਪਰ ਅਸੀਂ ਫਿਰ ਵੀ ਆਪਣੀ ਹੋਂਦ ਇਕੱਲੀ ਮਹਿਸੂਸ ਕਰਦੇ ਹਾਂ। ਅਜਿਹਾ ਇਸ ਲਈ ਹੁੰਦਾ ਕਿਉਂਕਿ ਅਸੀਂ ਜਿਸ ਚੀਜ ਨਾਲ ਨੇੜਤਾ ਮਹਿਸੂਸ ਕਰਦੇ ਹਾਂ ਜੇਕਰ ਉਹ ਸਾਡੇ ਤੋ ਦੂਰ ਹੋ ਜਾਂਦੀ ਹੈ ਤਾ ਅਸੀਂ ਅਜਿਹੀ ਸਥਿਤੀ ਦਾ ਸ਼ਿਕਾਰ ਹੋ ਜਾਂਦੇ ਹਾਂ ਭਾਵ ਅਸੀਂ ਸਭ ਕੁੱਝ ਕੋਲ ਹੁੰਦੇ ਵੀ ਸਿਰਫ ਉਸ ਚੀਜ ਨੂੰ ਹੀ ਲੱਭਦੇ ਰਹਿੰਦੇ ਹਾਂ ਜੋ ਸਾਡੇ ਤੋਂ ਖੁੱਸ ਚੁੱਕੀ ਹੁੰਦੀ ਹੈ। ਬੀਤੇ ਵੇਲੇ ਨੂੰ ਯਾਦ ਕਰਕੇ ਅਸੀਂ ਆਪਣੇ ਆਉਣ ਵਾਲੇ ਸਮੇਂ ਦੇ ਹੁਸੀਨ ਪਲ ਗੁਆ ਬੈਠਦੇ ਹਾਂ। ਜ਼ਰੂਰੀ ਨਹੀਂ ਹੁੰਦਾ ਕਿ ਜੇ ਅੱਜ ਔਖਾ ਸਮਾਂ ਆਇਆ ਹੈ ਕੱਲ ਨੂੰ ਵੀ ਏਹੋ ਹੀ ਰਹੇ ਕੀ ਪਤਾ ਪਰਮਾਤਮਾ ਨੇ ਤੁਹਾਡੇ ਲਈ ਚੰਗਾ ਸੋਚ ਰੱਖਿਆਂ ਹੋਵੇ। ਤੁਹਾਡੀ ਜ਼ਿੰਦਗੀ ਦੇ ਆਉਣ ਵਾਲੇ ਪਲ ਚੰਗੇ ਹੋਣ।

ਮੈਂ ਇਹ ਨਹੀਂ ਕਹਿੰਦੀ ਕੀ ਪੁਰਾਣੇ ਸਮੇਂ ਨੂੰ ਭੁੱਲੋ ਪਰ ਨਾਲ ਲੈਕੇ ਵੀ ਜ਼ਿੰਦਗੀ ਨਹੀਂ ਲੰਘਦੀ ਕਿਉਂਕਿ ਅਸੀਂ ਉਹਨਾਂ ਸਮਾਂ ਆਪਣੀ ਜ਼ਿੰਦਗੀ ਵਿੱਚ ਨਵੀਂਆਂ ਚੀਜ਼ਾਂ ਨੂੰ ਤਬਦੀਲੀਆਂ ਨੂੰ ਸਹਿਣ ਨਹੀਂ ਕਰ ਸਕਦੇ, ਅਪਣਾ ਨਹੀਂ ਸਕਦੇ ਜਿੰਨਾ ਸਮਾਂ ਅਸੀਂ ਭੂਤਕਾਲ ਵਿੱਚੋਂ ਬਾਹਰ ਨਹੀਂ ਆਉਂਦੇ। ਸੋ ਭੂਤਕਾਲ ਨੂੰ ਇੱਕ ਕੋਨੇ ਵਿੱਚ ਰੱਖ ਹਮੇਸ਼ਾ ਅੱਗੇ ਬਾਰੇ ਸੋਚਣਾ ਸਿੱਖੋ। ਬੇਹੱਦ ਜਰੂਰੀ ਹੋ ਜਾਦਾ ਹੈ ਔਖੇ ਸਮੇਂ ਵਿੱਚ ਆਪਣੇ ਆਪ ਨੂੰ ਮਜ਼ਬੂਤ ਬਣਾਉਣਾ। ਜੇਕਰ ਸਾਡੇ ਅੰਦਰ ਲੜਨ ਦੀ ਸ਼ਕਤੀ ਖ਼ਤਮ ਹੋ ਜਾਵੇਗੀ ਤਾਂ ਅਸੀਂ ਮੁਸੀਬਤਾਂ ਨਾਲ ਕਿਵੇਂ ਲੜ ਸਕਦੇ ਹਾਂ। ਮੁਸੀਬਤਾਂ ਤਾ ਜ਼ਿੰਦਗੀ ਵਿੱਚ ਪਾਣੀ ਦੇ ਵਹਾਅ ਦੀ ਤਰਾਂ ਆਉਦੀਆਂ ਰਹਿੰਦੀਆਂ ਹਨ ਤੇ ਸਾਹਸੀ ਬਹਾਦਰ ਲੋਕ ਉਹਨਾਂ ਨੂੰ ਪਾਰ ਕਰਦੇ ਜਾਂਦੇ ਹਨ, ਇੱਕ ਦਿਨ ਮੰਜਿਲ ਪ੍ਰਾਪਤ ਕਰ ਲੈਂਦੇ ਹਨ। ਜੇਕਰ ਤੁਸੀਂ ਮੁਸੀਬਤਾਂ ਨੂੰ ਪਾਰ ਕਰਦੇ ਹੋ ਤਾਂ ਤੁਸੀਂ ਜ਼ਿੰਦਗੀ ਵਿੱਚ ਆਉਣ ਵਾਲੀ ਹਰ ਚੁਣੌਤੀ ਨੂੰ ਸਵੀਕਾਰ ਕਰ ਸਕਦੇ ਹੋ। ਮੁਸੀਬਤਾਂ ਠੋਕਰਾਂ ਹੀ ਮਨੁੱਖ ਨੂੰ ਮਜ਼ਬੂਤ ਬਣਾਉਂਦੀਆਂ ਹਨ।



ਸਿਆਣੇ ਕਹਿੰਦੇ ਹਨ ਕਿ ਠੋਕਰਾਂ ਖਾ ਕੇ ਅਕਲ ਆਉਂਦੀ ਹੈ। ਇਨਸਾਨ ਡਿੱਗ-ਡਿੱਗ ਕੇ ਹੀ ਸਵਾਰ ਹੁੰਦਾ ਹੈ। ਆਓ ਆਪਾ ਪ੍ਰਣ ਕਰੀਏ ਕਿ ਜੋ ਪਰਮਾਤਮਾ ਨੇ ਸਾਨੂੰ ਬੁੱਧੀ ਬਖ਼ਸ਼ੀ ਹੈ ਅਸੀਂ ਉਸਦਾ ਪ੍ਰਯੋਗ ਕਰਕੇ ਮੁਸੀਬਤਾਂ ਨੂੰ ਖਿੜੇ ਹੱਥ ਪ੍ਰਵਾਨ ਕਰਕੇ ਹੌਸਲੇ ਨਾਲ ਪਾਰ ਕਰਨਾ ਸਿੱਖੀਏ। ਕਹਿੰਦੇ ਹਨ ਕਿ ਸਮੇਂ ਦੇ ਮਾੜੇ ਹਾਲਾਤਾਂ ਨੂੰ ਹੌਸਲੇ ਤੇ ਮਿਹਨਤ ਨਾਲ ਬਦਲਿਆ ਜਾ ਸਕਦਾ। ਆਓ ਅਸੀਂ ਵੀ ਆਪਣਾ ਸਮਾਂ ਮਿਹਨਤ ਤੇ ਹੌਸਲੇ ਨਾਲ ਬਦਲੀਏ। ਕਦੇ ਵੀ ਮੁਸੀਬਤਾਂ ਅੱਗੇ ਦਿਲ ਨਾ ਹਾਰੀਏ।

- ਗਗਨਦੀਪ ਧਾਲੀਵਾਲ

Scanned with CamScanner




# ਪੁਰਾਤਨ ਪੰਜਾਬ ਦੇ ਦਿਲਚਸਪ ਮਾਹੌਲ ਨਾਲ ਜੁੜੀ ਕਾਮੇਡੀ ਭਰਪੂਰ ਫ਼ਿਲਮ 'ਸ਼ਾਵਾ ਨੀਂ ਗਿਰਧਾਰੀ ਲਾਲ'



ਪੰਜਾਬ ਦੀ ਚਰਚਿਤ ਬੋਲੀ ਦੇ ਮਜ਼ਾਕੀਆ ਪਾਤਰ ਗਿਰਧਾਰੀ ਲਾਲ ਬਾਰੇ ਗਿੱਪੀ ਗਰੇਵਾਲ ਦੀ ਲਿਖੀ ਤੇ ਡਾਇਰੈਕਟ ਕੀਤੀ ਪੇਂਡੂ ਕਲਚਰ ਦੀਆਂ ਮਹਿਕਾਂ ਬਿਖੇਰਦੀ ਮਨੋਰੰਜਨ ਭਰਪੂਰ ਕਾਮੇਡੀ ਫਿਲਮ 'ਸ਼ਾਵਾ ਨੀ ਗਿਰਧਾਰੀ ਲਾਲ'। ਜਿਸ ਵਿਚ ਗਿੱਪੀ ਗਰੇਵਾਲ ਨੇ ਇੱਕ ਅਜਿਹੇ ਬੇਪ੍ਰਵਾਹ ਨੌਜਵਾਨ ਦਾ ਕਿਰਦਾਰ ਨਿਭਾਇਆ ਹੈ ਜੋ ਪਿੰਡ ਦੀਆਂ ਸੋਹਣੀਆਂ ਜਨਾਨੀਆਂ ਦਾ ਝਾਕਾ ਲੈਣ ਦਾ ਆਦੀ ਹੈ। ਫਿਲਮ ਵਿੱਚ ਇਕ ਨਹੀਂ ਬਲਕਿ ਅਨੇਕਾਂ ਨਾਮਵਰ ਹੀਰੋਇਨਾਂ ਵਿਖਾਈ ਦਿੰਦੀਆਂ ਹਨ ਜੋ ਸਮੇਂ-ਸਮੇਂ ਸਿਰ ਗਿਰਧਾਰੀ ਲਾਲ ਦੀ ਜਿੰਦਗੀ 'ਚ ਆਉਂਦੀਆਂ ਹਨ। ਫਿਲਮ 'ਚ ਪਿੰਡ ਦਾ ਕਲਚਰ ਵਿਖਾਉਣ ਲਈ 1940 ਦੇ ਸਮੇਂ ਦੇ ਪੁਰਾਣੇ ਘਰਾਂ ਦਾ ਸੈੱਟ ਲਿਆ ਗਿਆ ਹੈ।

ਟਰੇਲਰ ਮੁਤਾਬਕ ਇਹ ਫਿਲਮ ਇੱਕ ਸਧਾਰਨ ਕਿਸਮ ਦੇ ਛੜੇ ਬੰਦੇ ਦੇ ਹਸੀਨ ਸੁਪਨਿਆਂ ਦੀ ਕਹਾਣੀ ਪੇਸ਼ ਕਰਦੀ ਹੈ ਜਿਸਨੂੰ ਪਿੰਡ ਦੀਆਂ ਸਾਰੀਆਂ ਜਨਾਨੀਆਂ ਚੰਗੀਆਂ ਲੱਗਦੀਆਂ ਹਨ ਪਰ ਉਹ ਕਿਸੇ ਨੂੰ ਚੰਗਾ ਨਹੀਂ ਲੱਗਦਾ। ਆਪਣੇ ਆਪ ਨੂੰ ਚੰਗਾ ਵਿਖਾਉਣ ਲਈ ਗਿਰਧਾਰੀ ਲਾਲ ਜੋ ਸਕੀਮਾਂ ਘੜ੍ਹਦਾ ਹੈ ਉਹੋ ਫਿਲਮ ਦੀ ਰੌਚਕਤਾ ਨੂੰ ਵਧਾਉਂਦੀਆਂ ਹਨ। ਫਿਲਮ ਦਾ ਗੀਤ ਸੰਗੀਤ ਜਤਿੰਦਰ ਸ਼ਾਹ ਨੇ ਤਿਆਰ ਕੀਤਾ ਹੈ। ਗਿੱਪੀ ਗਰੇਵਾਲ ਵਲੋਂ ਖੁਦ ਡਾਇਰੈਕਟ ਕੀਤੀ ਇਸ ਫ਼ਿਲਮ ਵਿਚ ਗਿੱਪੀ ਗਰੇਵਾਲ ਦੇ ਨਾਲ ਅਦਾਕਾਰਾ ਨੀਰੂ ਬਾਜਵਾ, ਹਿਮਾਂਸ਼ੀ ਖੁਰਾਣਾ, ਸਾਰਾ ਗੁਰਪਾਲ, ਯਾਮੀ ਗੌਤਮ, ਤਨੂ ਗਰੇਵਾਲ, ਸੁਰੀਲੀ ਗੌਤਮ, ਪਾਇਲ ਰਾਜਪੂਤ, ਗੁਰਪ੍ਰੀਤ ਘੁੱਗੀ, ਰਾਣਾ ਰਣਬੀਰ, ਕਰਮਜੀਤ ਅਨਮੋਲ, ਸਰਦਾਰ ਸੋਹੀ, ਸੀਮਾ ਕੋਸ਼ਲ, ਪ੍ਰਭ ਗਰੇਵਾਲ, ਪਰਮਿੰਦਰ ਕੌਰ ਗਿੱਲ, ਰਾਜ ਧਾਲੀਵਾਲ, ਗੁਰਪ੍ਰੀਤ ਕੌਰ ਭੰਗੂ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ।

'ਸ਼ਾਵਾ ਨੀ ਗਿਰਧਾਰੀ ਲਾਲ' ਹੰਬਲ ਮੋਸ਼ਨ ਪਿਕਚਰਜ਼, ਪੂਜਾ ਐਂਟਰਟੇਨਮੈਂਟ ਤੇ ਓਮਜੀ ਸਟਾਰ ਸਟੂਡੀਓਜ਼ ਦੀ ਪੇਸ਼ਕਸ਼ ਹੈ ਅਤੇ ਫਿਲਮ ਦੇ ਨਿਰਮਾਤਾ ਗਿੱਪੀ ਗਰੇਵਾਲ, ਵਾਸ਼ੂ ਭਗਨਾਨੀ ਅਤੇ ਆਸ਼ੂ ਮੁਨੀਸ਼ ਸਾਹਨੀ ਹਨ। ਇਸ ਫ਼ਿਲਮ ਦੀ ਕਹਾਣੀ ਗਿੱਪੀ ਗਰੇਵਾਲ ਨੇ ਲਿਖਿਆ ਹੈ ਅਤੇ ਡਾਇਲਾਗ ਤੇ ਸਕਰੀਨ ਪਲੇਅ ਰਾਣਾ ਰਣਬੀਰ ਨੇ ਲਿਖੇ ਹਨ। ਨਾਮੀ ਗੀਤਕਾਰ ਹੈਪੀ ਰਾਏਕੋਟੀ ਅਤੇ ਰਿੱਕੀ ਖਾਨ ਦੇ ਲਿਖੇ ਗੀਤਾਂ ਨੂੰ ਗਿੱਪੀ ਗਰੇਵਾਲ, ਸਤਿੰਦਰ ਸਰਤਾਜ, ਸੁਨੀਧੀ ਚੌਹਾਨ ਅਤੇ ਜੀ ਖਾਨ ਨੇ ਗਾਇਆ ਹੈ। ਇਹ ਫਿਲਮ ਪੰਜਾਬੀ ਦਰਸ਼ਕਾਂ ਲਈ ਮਨੋਰੰਜਨ ਦੀ ਇੱਕ ਨਵੀਂ ਸੌਗਾਤ ਹੈ।

ਹਰਜਿੰਦਰ ਸਿੰਘ ਜਵੰਦਾ। ਮੋ. 94638-28000



# ਪੰਜਾਬ ਦੇ ਕਿਸਾਨੀ ਜੀਵਨ 'ਤੇ ਝਾਤ ਪਾਉਂਦੀ ਮਨੋਰੰਜਨ ਭਰਪੂਰ ਹੋਵੇਗੀ ਫ਼ਿਲਮ 'ਤੀਜਾ ਪੰਜਾਬ'

ਪੰਜਾਬੀ ਫਿਲਮੀ ਖੇਤਰ 'ਚ ਹੁਣ ਬਹੁਤ ਕੁਝ ਨਵਾਂ ਅਤੇ ਵੱਖਰਾ ਵੇਖਣ ਨੂੰ ਮਿਲ ਰਿਹਾ ਹੈ। ਹਰ ਹਫਤੇ ਕਿਸੇ ਨਾ ਕਿਸੇ ਨਵੇਂ ਵਿਸ਼ੇ ਨੂੰ ਲੈ ਕੇ ਫਿਲਮਾਂ ਰਿਲੀਜ਼ ਹੋ ਰਹੀਆਂ ਹਨ। ਕਾਮੇਡੀ ਭਰਪੂਰ ਵਾਲੇ ਵਿਸ਼ਿਆਂ ਤੋਂ ਹੱਟ ਕੇ ਨਵੇਂ ਨਵੇਂ ਵਿਸ਼ਿਆਂ ਦਾ ਰੁਝਾਨ ਲਗਾਤਾਰ ਵੱਧ ਰਿਹਾ ਹੈ। ਇਸੇ ਰੁਝਾਨ ਤਹਿਤ ਇੱਕ ਨਵੇਂ ਅਤੇ ਬਿਲਕੁੱਲ ਵੱਖਰੇ ਵਿਸ਼ੇ 'ਤੇ ਅਧਾਰਿਤ ਫ਼ਿਲਮ 'ਤੀਜਾ ਪੰਜਾਬ'। 'ਗੋਰਿਆਂ ਨੂੰ ਦਫਾ ਕਰੋ, ਅੰਗਰੇਜ਼, ਲਵ ਪੰਜਾਬ, ਫ਼ਿਲਮਾਂ ਦੇ ਕਹਾਣੀਕਾਰ ਅਤੇ ਲਾਹੌਰੀਏ, ਭੱਜੋ ਵੀਰੋ ਵੇ, ਲੌਂਗ ਲਾਚੀ, ਜੋੜੀ ਫ਼ਿਲਮਾਂ ਦਾ ਲੇਖਕ-ਨਿਰਦੇਸ਼ਕ ਅੰਬਰਦੀਪ ਸਿੰਘ ਇਹ ਪੰਜਾਬੀ ਫ਼ਿਲਮ ਲੈ ਕੇ ਆ ਰਿਹਾ ਹਨ। ਇਸ ਫਿਲਮ ਦੀ ਕਹਾਣੀ ਨੂੰ ਅੰਬਰਦੀਪ ਸਿੰਘ ਨੇ ਬਹੁਤ ਹੀ ਗੰਭੀਰਤਾ ਨਾਲ ਲਿਖਿਆ ਹੈ।

ਅੰਬਰਦੀਪ ਪ੍ਰੋਡਕਸ਼ਨ ਅਤੇ ਓਮ ਜੀ ਸਟਾਰ ਸਟੂਡੀਓ ਦੀ ਪੇਸ਼ਕਸ ਇਸ ਫਿਲਮ 'ਚ ਅੰਬਰਦੀਪ ਬਤੌਰ ਨਾਇਕ ਅਦਾਕਾਰਾ ਨਿਮਰਤ ਖਹਿਰਾ ਨਾਲ ਨਜ਼ਰ ਆਵੇਗੀ। ਫ਼ਿਲਮ ਵਿਚ ਇੰਨ੍ਹਾਂ ਤੋਂ ਇਲਾਵਾ ਅਦਿਤੀ ਸ਼ਰਮਾ, ਕਰਮਜੀਤ ਅਨਮੋਲ, ਹਰਦੀਪ ਗਿੱਲ, ਨਿਰਮਲ ਰਿਸ਼ੀ, ਗੁਰਪ੍ਰੀਤ ਕੌਰ ਭੰਗ, ਬੀ.ਐਨ.ਸ਼ਰਮਾ, ਬਲਵਿੰਦਰ ਬੁਲਟ, ਸੁਖਵਿੰਦਰ ਰਾਜ, ਗੁਰਤੇਜ ਸਿੰਘ ਅਤੇ ਇੰਦਰਜੋਤ ਨੇ ਵੀ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਸੰਗੀਤ ਜਤਿੰਦਰ ਸ਼ਾਹ ਨੇ ਦਿੱਤਾ ਹੈ।

ਫ਼ਿਲਮ ਦੀ ਕਹਾਣੀ ਦੀ ਗੱਲ ਕਰੀਏ ਤਾਂ ਇਹ ਕਿਸਾਨੀ ਸੰਘਰਸ਼ ਨਾਲ ਜੁੜੀ ਇੱਕ ਵੱਖਰੀ ਕਿਸਮ ਦੀ ਪਰਿਵਾਰਕ ਕਹਾਣੀ ਹੈ। ਇਸ ਫ਼ਿਲਮ ਰਾਹੀਂ ਕਿਸਾਨੀ ਨਾਲ ਜੁੜੇ ਹਰੇਕ ਪਹਿਲੂ ਨੂੰ ਵਿਖਾਇਆ ਗਿਆ ਹੈ। ਅੰਬਰਦੀਪ ਨੇ ਕਿਹਾ ਕਿ ਫ਼ਿਲਮ ਦੀ ਕਹਾਣੀ ਮਨੋਰੰਜਨ ਦੇ ਨਾਲ-ਨਾਲ ਸਮਾਜਿਕ ਮੁੱਦਿਆਂ ਪ੍ਰਤੀ ਵੀ ਗੰਭੀਰ ਹੈ। ਫਿਲਮ ਦਾ ਗੀਤ-ਸੰਗੀਤ ਕਹਾਣੀ ਅਨੁਸਾਰ ਢੁੱਕਵਾਂ ਹੈ। ਵਿਸ਼ੇ ਬਾਰੇ ਗੱਲ ਕਰਦਿਆਂ ਅੰਬਰਦੀਪ ਨੇ ਕਿਹਾ ਕਿ ਉਹ ਵੀ ਇੱਕ ਕਿਸਾਨ ਦਾ ਪੁੱਤ ਹੈ। ਧਰਤੀ ਸਾਡੀ ਮਾਂ ਹੈ ਜੋ ਅੰਨ ਪੈਦਾ ਕਰਕੇ ਆਪਣੇ ਪੁੱਤਰਾਂ ਦਾ ਢਿੱਡ ਭਰਦੀ ਹੈ। ਹਰੇਕ ਕਲਾਕਾਰ ਆਪਣੇ ਆਪਣੇ ਮਾਧਿਅਮ ਜ਼ਰੀਏ ਇਸ ਸੰਘਰਸ਼ ਵਿੱਚ ਆਪਣਾ ਯੋਗਦਾਨ ਪਾ ਰਿਹਾ ਹੈ। ਇਸ ਮੁੱਦੇ ਬਾਰੇ ਗੱਲ ਕਰਨ ਲਈ ਸਿਨਮਾ ਵੀ ਇਕ ਅਹਿਮ ਪਲੇਟਫਾਰਮ ਹੈ। ਸੋ ਇਹ ਫਿਲਮ ਬਣਾਉਣਾ ਮੇਰਾ ਕਿਸਾਨੀ ਸੰਘਰਸ਼ 'ਚ ਯੋਗਦਾਨ ਪਾਉਣਾ ਹੀ ਹੈ। ਅੰਬਰਦੀਪ ਦੀ ਸੋਚ ਅਤੇ ਜ਼ਜਬੇ ਨੂੰ ਸਲਾਮ ਕਰਨਾ ਬਣਦਾ ਹੈ ਕਿ ਅੱਜ ਵਪਾਰਕ ਸਿਨੇਮੇ ਦੀ ਭੀੜ ਵਿਚ ਉਸਨੇ ਕਿਸਾਨੀ ਪਰਿਵਾਰ ਦੀ ਤਰਾਸ਼ਦੀ ਨੂੰ ਪਰਦੇ ਤੇ ਪੇਸ਼ ਕਰਨ ਜਾ ਰਹੇ ਹਨ।

ਹਰਜਿੰਦਰ ਸਿੰਘ 94638-28000




Scanned with CamScanner




# ਨੌਰਵੇ ਦਾ ਖ਼ੂਬਸੂਰਤ ਸ਼ਹਿਰ ਕੌਂਗਸਬਰਗ (ਸਿਲਵਰ ਸਿਟੀ)



ਕੌਂਗਸਬਰਗ, ਨੌਰਵੇ ਦਾ ਖ਼ੂਬਸੂਰਤ ਸ਼ਹਿਰ ਹੈ। ਇਸ ਦਾ ਖੇਤਰਫਲ 792 ਵਰਗ ਕਿਲੋਮੀਟਰ ਹੈ। ਇਹ ਨੌਰਵੇ ਦੀ ਰਾਜਧਾਨੀ ਓਸਲੋ ਤੋਂ 80 ਕਿਲੋਮੀਟਰ ਦੂਰ ਹੈ। ਇਸ ਦੀ ਆਬਾਦੀ ਤਕਰੀਬਨ 25,700 ਹੈ ਤੇ ਵਸੋਂ ਦੇ ਹਿਸਾਬ ਨਾਲ ਇਹ ਨੌਰਵੇ ਦੇ ਸ਼ਹਿਰਾਂ ਵਿੱਚੋਂ 27ਵੇਂ ਨੰਬਰ 'ਤੇ ਹੈ। ਇਸ ਦੇਸ਼ ਦਾ ਇਹ ਸਭ ਤੋਂ ਪੁਰਾਣਾ ਤੇ ਉੱਨਤ ਉਦਯੋਗਿਕ ਸ਼ਹਿਰ ਹੈ। ਨੌਰਵੇ ਕੁਦਰਤੀ ਸੁੰਦਰਤਾ ਨਾਲ ਭਰਪੂਰ ਹੈ। ਨਦੀਆਂ, ਦਰਿਆ, ਸਮੁੰਦਰ, ਜੰਗਲ ਤੇ ਪਹਾੜ ਇਸ ਦੀ ਸੁੰਦਰਤਾ ਦੇ ਮੂਲ ਸਰੋਤ ਹਨ। ਸਰਦ ਰੁੱਤ ਵਿੱਚ ਚਾਂਦੀ ਰੰਗੀ ਬਰਫ਼ ਇਸ ਸੁੰਦਰਤਾ ਵਿੱਚ ਹੋਰ ਵੀ ਵਾਧਾ ਕਰਦੀ ਹੈ। ਕੌਂਗਸਬਰਗ ਭਾਵੇਂ ਸਨਅਤੀ ਸ਼ਹਿਰ ਹੈ ਪਰ ਇਹ ਵੀ ਸਾਫ਼-ਸੁਥਰਾ ਤੇ ਹਰਿਆਲੀ ਭਰਿਆ ਦਿਲਕਸ਼ ਸਥਾਨ ਹੈ।

ਇਸ ਸ਼ਹਿਰ ਨੂੰ ਸਿਲਵਰ ਸਿਟੀ ਜਾਂ ਚਾਂਦੀ ਦਾ ਸ਼ਹਿਰ ਆਖੇ ਜਾਣ ਪਿੱਛੇ ਇੱਕ ਦਿਲਚਸਪ ਕਹਾਣੀ ਹੈ। ਕਿਹਾ ਜਾਂਦਾ ਹੈ ਕਿ 1623 ਦੀ ਬਸੰਤ ਰੁੱਤ ਵਿੱਚ ਕੁਝ ਆਜੜੀ ਬੱਚੇ ਆਪਣੇ ਪਸ਼ੂ ਚਾਰ ਰਹੇ ਸਨ, ਚਰ ਰਹੇ ਪਸ਼ੂਆਂ ਵਿੱਚੋਂ ਇੱਕ ਬਲਦ ਨੇ ਪਹਾੜ 'ਚ ਸਿੰਗ ਮਾਰਿਆ ਤਾਂ ਉਸ ਥਾਂ 'ਤੇ ਬੱਚਿਆਂ ਨੂੰ ਕੋਈ ਚਮਕਦਾਰ ਚੀਜ਼ ਦਿਖਾਈ ਦਿੱਤੀ ਤੇ ਉਹ ਉਸ ਨੂੰ ਆਪਣੇ ਘਰ ਲੈ ਗਏ। ਮਾਪਿਆਂ ਨੇ ਦੇਖਿਆ ਕਿ ਉਹ ਚਾਂਦੀ ਸੀ। ਉਹ ਲੋਕ ਉਸ ਪਹਾੜ ਤੋਂ ਚਾਂਦੀ ਖੋਦ-ਖੋਦ ਕੇ ਘਰ ਲਿਆਉਣ ਲੱਗੇ ਅਤੇ ਸਮਾਂ ਪਾ ਕੇ ਚਾਂਦੀ ਨੂੰ ਪਿਘਲਾ ਕੇ ਬਟਨ ਬਣਾ ਕੇ ਵੇਚਣ ਲੱਗੇ। ਇੱਕ ਵਾਰ ਕੋਈ ਬੰਦਾ ਚਾਂਦੀ ਵੇਚਦਾ ਫੜਿਆ ਗਿਆ। ਪੁੱਛ-ਪੜਤਾਲ ਕਰਨ 'ਤੇ ਉਸ ਬੰਦੇ ਨੇ ਉਸ ਪਹਾੜ ਬਾਰੇ ਦੱਸਿਆ ਜਿੱਥੋਂ ਉਹ ਚਾਂਦੀ ਲੈ ਕੇ ਆਉਂਦੇ ਸਨ। ਰਾਜਾ ਕਰਿਸਤਿਆਨ ਚੌਥਾ ਦੀ ਅਗਵਾਈ ਵਿੱਚ 1624 ਵਿੱਚ ਪੱਤਝੜ ਰੁੱਤੇ ਚਾਂਦੀ ਦੀ ਉਹ ਖਾਣ ਲੱਭੀ ਗਈ ਤੇ ਉੱਥੋਂ ਚਾਂਦੀ ਕੱਢਣ ਦਾ ਕੰਮ ਸ਼ੁਰੂ ਹੋ ਗਿਆ। ਇਸ ਖਾਣ ਵਿੱਚ ਹਜ਼ਾਰਾਂ ਦੀ ਗਿਣਤੀ 'ਚ ਲੋਕ ਕੰਮ ਕਰਦੇ ਸਨ। ਚਾਂਦੀ ਕੱਢਣੀ 1958 ਵਿੱਚ ਬੰਦ ਕਰ ਦਿੱਤੀ ਗਈ। ਇੱਥੋਂ 350 ਟਨ ਚਾਂਦੀ ਕੱਢੀ ਗਈ। ਉਸ ਸਮੇਂ ਖਾਣ ਵਿੱਚ ਥੱਲੇ ਜਾਣ ਲਈ ਵਰਤੀਆਂ ਗਈਆਂ ਪੌੜੀਆਂ, ਸਾਮਾਨ ਜਾਂ ਔਜ਼ਾਰ ਆਦਿ ਅਜੇ ਵੀ ਉੱਥੇ ਮੌਜੂਦ ਹਨ।

ਸਮਾਂ ਪਾ ਕੇ ਇੱਥੇ ਚਾਂਦੀ ਦੇ ਨੌਰਵੀਜੀਅਨ ਸਿੱਕੇ ਵੀ ਬਣਨ ਲੱਗੇ। ਚਾਂਦੀ ਦੇ ਸਿੱਕੇ ਬਣਾਉਣ ਵਾਲੀ 'ਰਾਇਲ ਨੌਰਵੀਜੀਅਨ ਕੋਇਨ' ਕੰਪਨੀ 1986 ਵਿੱਚ ਹੋਂਦ 'ਚ ਆਈ। ਇਹ ਰਾਜੇ ਦੀ ਜਾਇਦਾਦ ਸੀ ਪਰ ਬਾਅਦ ਵਿੱਚ ਇਹ ਖਜ਼ਾਨਾ ਮੰਤਰਾਲੇ ਦੇ ਅਧੀਨ ਆ ਗਿਆ। ਇਹ ਕੰਪਨੀ 1962 ਤੋਂ ਸੈਂਟਰਲ ਬੈਂਕ ਦੇ ਅਧੀਨ ਕੰਮ ਕਰਦੀ ਰਹੀ। ਇਸ ਪਿੱਛੋਂ 2003 ਵਿੱਚ ਇਹ 'ਸਾਮਲਰ ਹੂਸੇ ਏ ਐੱਸ' (SAMLER HSE AS) ਅਤੇ 'ਮਿੰਤ ਆਫ਼ ਫਿਨਲੈਂਡ' (MIN OF FINLAND) ਨਾਂ ਦੀਆਂ ਪ੍ਰਾਈਵੇਟ ਕੰਪਨੀਆਂ ਨੂੰ ਵੇਚ ਦਿੱਤੀ ਗਈ। ਇਹ ਕੰਪਨੀਆਂ ਖ਼ਾਸ ਮੌਕਿਆਂ 'ਤੇ ਯਾਦਗਾਰੀ ਸਿੱਕੇ ਬਣਾਉਂਦੀਆਂ ਹਨ। ਇਹ 20 ਕਰੋਨੇ, 10 ਕਰੋਨੇ, 5 ਕਰੋਨੇ, 1 ਕਰੋਨੇ ਅਤੇ 50 ਓਰੇ ਦੇ ਸਿੱਕੇ ਬਣਾਉਂਦੀਆਂ ਹਨ। ਪਹਿਲਾਂ ਇੱਕ ਓਰਾ ਵੀ ਬਣਾਇਆ ਜਾਂਦਾ ਸੀ। ਜਿਵੇਂ ਕਿਸੇ ਸਮੇਂ ਭਾਰਤ ਵਿੱਚ ਤਾਂਬੇ ਦਾ ਡੱਬਲੀ ਪੈਸਾ ਜਾਂ ਮੋਰੀ ਵਾਲਾ ਪੈਸਾ ਹੁੰਦਾ ਸੀ। ਪਿਛਲੇ ਕਰੀਬ ਸੌ ਸਾਲਾਂ ਤੋਂ ਇਹ ਲੋਕ ਨੌਰਵੇ ਦੇ ਰਾਸ਼ਟਰੀ ਦਿਵਸ 'ਤੇ 17 ਮਈ ਨੂੰ ਕੋਈ ਨਵਾਂ ਮੈਡਲ ਬਣਾਉਂਦੇ ਹਨ। ਸਿੱਕਿਆਂ ਦਾ ਆਧੁਨਿਕੀਕਰਨ ਕਰਕੇ ਸਿੱਕੇ ਦੀ ਘੜੀ, ਟਾਈ-ਬਰੋਚ ਜਾਂ ਬਟਨ ਦਾ ਰੂਪ ਦਿੰਦੇ ਹਨ। ਇਹ ਵਸਤਾਂ ਬਹੁਤ ਮਹਿੰਗੇ ਭਾਅ ਵਿਕਦੀਆਂ ਹਨ। ਸਿਰਫ਼ 20 ਕਰੋਨੇ ਦੇ ਸਿੱਕੇ ਦੀ ਬਣੀ ਘੜੀ 2000 ਕਰੋਨੇ ਦੀ ਵਿਕਦੀ ਹੈ, ਯਾਨੀ ਕਿ ਭਾਰਤੀ 160 ਜਾਂ 180 ਰੁਪਏ ਦੀ ਕਰੰਸੀ ਦੀ ਘੜੀ ਅੰਦਾਜ਼ਨ 16000 ਜਾਂ 18000 ਰੁਪਏ ਦੀ ਵਿਕਦੀ ਹੈ। ਇਸ ਘੜੀ ਉੱਤੇ ਪ੍ਰਸਿੱਧ ਨਾਟਕਕਾਰ ਇਬਸਨ ਦੀ ਤਸਵੀਰ ਬਣੀ ਹੁੰਦੀ ਹੈ। ਜ਼ਿਕਰਯੋਗ ਹੈ ਕਿ ਇਸ ਨੌਰਵੀਜੀਅਨ ਨਾਟਕਕਾਰ ਦੇ ਨਾਟਕ DollÒs House ਭਾਵ 'ਗੁੱਡੀ ਦਾ ਘਰ' ਨੇ ਦੁਨੀਆਂ ਭਰ ਵਿੱਚ ਪ੍ਰਸਿੱਧੀ ਖੱਟੀ।

ਅਜੋਕੇ ਸਮੇਂ ਇਹ ਖਾਣ ਸੈਲਾਨੀਆਂ ਲਈ ਮਈ ਤੋਂ ਅਕਤੂਬਰ ਤਕ ਖੋਲੀ ਜਾਂਦੀ ਹੈ। ਬਹੁਤੀ ਸਰਦੀ ਤੇ ਬਰਫ਼ ਪੈਣ ਕਾਰਨ ਇਹ ਬੰਦ ਕਰ ਦਿੱਤੀ ਜਾਂਦੀ ਹੈ। ਇਸ ਅੰਦਰ ਛੇ ਡਿਗਰੀ ਤਾਪਮਾਨ ਰਹਿੰਦਾ ਹੈ ਜਿਸ ਕਾਰਨ ਗਰਮੀ ਦੇ ਮੌਸਮ ਵਿੱਚ ਵੀ ਮੋਟੇ ਭਾਰੇ ਜੈਕਟਾਂ-ਕੋਟ ਤੇ ਗਰਮ ਕੱਪੜੇ ਪਹਿਨ ਕੇ ਹੀ ਅੰਦਰ ਜਾਇਆ ਜਾਂਦਾ ਹੈ। ਸੈਲਾਨੀਆਂ ਲਈ ਟਿਕਟ 150 ਕਰੋਨੇ ਮਤਲਬ 1350 ਰੁਪਏ ਦੀ ਹੈ ਪਰ ਬੱਚਿਆਂ, ਵਿਦਿਆਰਥੀਆਂ ਅਤੇ ਪੈਨਸ਼ਨ ਲੈਣ ਵਾਲੇ ਬਜ਼ੁਰਗਾਂ ਨੂੰ ਵਿਸ਼ੇਸ਼ ਰਿਆਇਤ ਦਿੱਤੀ ਜਾਂਦੀ ਹੈ। ਖਾਣ ਅੰਦਰ ਗਾਈਡ ਦੇ ਨਾਲ ਹੀ ਜਾਇਆ ਜਾ ਸਕਦਾ ਹੈ। ਇਹ ਖਾਣ 342 ਮੀਟਰ ਡੂੰਘੀ ਹੈ। ਇੱਥੋਂ ਦੇ ਲੋਕ ਇਸ ਦੀ ਤੁਲਨਾ ਪੈਰਿਸ ਦੇ ਆਈਫਲ ਟਾਵਰ ਨਾਲ ਕਰਦਿਆਂ ਕਹਿੰਦੇ ਹਨ ਕਿ ਇਹ ਥਾਂ ਉਸ ਟਾਵਰ ਦੀ ਉਚਾਈ ਨਾਲੋਂ ਵੀ ਡੂੰਘੀ ਹੈ ਕਿਉਂਕਿ ਆਈਫਲ ਟਾਵਰ 324 ਮੀਟਰ ਉੱਚਾ ਹੈ। ਇਸ ਖਾਣ ਦੇ ਅੰਦਰ ਜਾਣ ਵਾਲੀ ਟਰੇਨ 2.3 ਕਿਲੋਮੀਟਰ ਤੱਕ ਅੰਦਰ ਜਾਂਦੀ ਹੈ। ਇਸ ਖਾਣ ਨੂੰ ਰਾਜੇ ਦੀ ਖਾਣ ਜਾਂ ਕੌਂਗਸਬਰਗ ਚਾਂਦੀ ਦੀ ਖਾਣ ਵੀ ਕਿਹਾ ਜਾਂਦਾ ਹੈ। ਇਸ ਵਿੱਚ ਇੱਕ ਅਜਾਇਬਘਰ ਹੈ ਜਿੱਥੇ ਖਾਣ ਦੇ ਇਤਿਹਾਸ ਨਾਲ ਸਬੰਧਤ ਕਿਤਾਬਾਂ ਮਿਲਦੀਆਂ ਹਨ। ਇਸ ਤੋਂ ਇਲਾਵਾ ਚੀਨੀ ਮਿੱਟੀ ਦੇ ਬਰਤਨ, ਸਜਾਵਟੀ ਸਾਮਾਨ, ਚਾਬੀਆਂ ਵਾਲੇ ਛੱਲੇ ਅਤੇ ਚਾਂਦੀ ਦੇ ਪੁਰਾਣੇ ਸਿੱਕੇ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਰੱਖਦੇ ਹਨ। ਉਹ ਇਹ ਚੀਜ਼ਾਂ ਸੌਗਾਤ ਵਜੋਂ ਖਰੀਦ ਕੇ ਲੈ ਜਾਂਦੇ ਹਨ।

ਕੌਂਗਸਬਰਗ ਤੋਂ ਪੰਦਰਾਂ-ਵੀਹ ਕਿਲੋਮੀਟਰ ਦੀ ਦੂਰੀ 'ਤੇ ਇੱਕ ਹੋਰ ਸੁੰਦਰ ਸੈਰਗਾਹ ਹੈ, ਜਿਸ ਦਾ ਪਿਛੋਕੜ ਚਾਂਦੀ ਦੀ ਖਾਣ ਨਾਲ ਹੀ ਜੁੜਿਆ ਹੋਇਆ ਹੈ। ਇਸ ਥਾਂ ਦਾ ਨਾਂ 'ਘਨੂਤੇ ਹਿੱਤਾ' (Knute Hytta) ਭਾਵ ਪਹਾੜੀ ਝੌਂਪੜੀ ਹੈ। ਇਹ 1929 ਵਿੱਚ ਬਣਾਈ ਗਈ ਸੀ ਜੋ ਸਮੁੰਦਰੀ ਤਲ ਤੋਂ 730 ਮੀਟਰ ਦੀ ਉਚਾਈ 'ਤੇ ਹੈ। ਇੱਥੇ ਸਾਰਾ ਸਾਲ ਸੈਲਾਨੀ ਘੁੰਮਣ-ਫਿਰਨ ਆਉਂਦੇ ਰਹਿੰਦੇ ਹਨ। ਕੌਂਗਸਬਰਗ ਤੋਂ ਘਨੂਤੇ ਹਿੱਤਾ ਨੂੰ ਜਾਂਦਿਆਂ ਜੰਗਲ ਅਤੇ ਪਹਾੜਾਂ ਵਿੱਚ ਵਲ ਖਾਂਦੀਆਂ ਸੜਕਾਂ ਤੋਂ ਗੁਜ਼ਰਨਾ ਪੈਂਦਾ ਹੈ। ਬਰਫ਼ਬਾਰੀ ਦੇ ਮੌਸਮ ਵਿੱਚ ਪਹਾੜ ਦੀ ਚੋਟੀ 'ਤੇ ਬਣੇ ਘਨੂਤੇ ਹਿੱਤਾ ਦੇ ਆਲੇ-ਦੁਆਲੇ ਚਾਂਦੀ ਰੰਗੀ ਬਰਫ਼ ਦੇ ਢੇਰ ਦੇਖ ਕੇ ਇਉਂ ਲੱਗਦਾ ਹੈ ਜਿਵੇਂ ਕਿਸੇ ਅਨੋਖੀ ਦੁਨੀਆਂ ਵਿੱਚ ਪੁੱਜ ਗਏ ਹੋਈਏ।

ਅਸਲ ਵਿੱਚ ਘਨੂਤੇ ਹਿੱਤਾ ਇਸ ਖਾਣ ਕਾਰਨ ਹੀ ਹੋਂਦ ਵਿੱਚ ਆਇਆ ਕਿਉਂਕਿ ਲੋਕਾਂ ਜਾਂ ਕਾਮਿਆਂ ਨੂੰ ਮਨਪਰਚਾਵੇ ਦੀ ਲੋੜ ਮਹਿਸੂਸ ਹੋਈ ਤਾਂ ਇਹ ਪਹਾੜੀ ਝੌਂਪੜੀ ਬਣਾਈ ਗਈ ਜੋ ਜੰਗਲ ਵਿੱਚੋਂ ਲੱਕੜਾਂ ਕੱਟ ਕੇ ਮੋਟੀਆਂ-ਮੋਟੀਆਂ ਸ਼ਤੀਰੀਆਂ ਜਾਂ ਗੇਲੀਆਂ ਦੀ ਬਣੀ ਹੋਈ ਹੈ। ਹੁਣ ਇਹ ਇੱਕ ਰੇਸਤਰਾਂ ਵਿੱਚ ਵਟ ਗਿਆ ਹੈ, ਜਿੱਥੇ ਖਾਣ-ਪੀਣ ਤੇ ਸੈਲਾਨੀਆਂ ਦੇ ਰਹਿਣ ਦੀ ਸਹੂਲਤ ਹੈ। ਇੱਥੇ ਬਰਫ਼ ਵਿੱਚ 'ਸਕੀਈਂਗ' ਕਰਨ ਲਈ ਵੀ ਲੋਕੀਂ ਆਉਂਦੇ ਹਨ। ਇਹ ਖਿਡਾਰੀਆਂ ਨੇ ਸਾਂਝੇ ਖਰਚੇ ਅਤੇ ਹੱਥੀਂ ਕੰਮ ਕਰਕੇ ਤਿਆਰ ਕੀਤੀ।

ਬੇਸ਼ੱਕ ਇਹ ਖਾਣ ਬੰਦ ਹੋ ਗਈ ਪਰ ਕੌਂਗਸਬਰਗ ਅੱਜ ਵੀ ਨੌਰਵੇ ਦਾ ਪ੍ਰਸਿੱਧ ਸਨਅਤੀ ਕੇਂਦਰ ਹੈ। ਇਸ ਬਹੁ-ਤਕਨੀਕੀ ਕੰਪਨੀਆਂ ਵਾਲੇ ਸ਼ਹਿਰ ਵਿੱਚ ਇੱਕ ਅੰਤਰਰਾਸ਼ਟਰੀ ਸਕੂਲ ਵੀ ਹੈ ਜਿਸ ਦਾ ਮਾਧਿਅਮ ਅੰਗਰੇਜ਼ੀ ਹੈ। ਇੱਥੇ ਬਹੁਤ ਸਾਰੇ ਵਿਦੇਸ਼ੀ ਲੋਕ ਕੰਪਨੀਆਂ ਵਿੱਚ ਤੇ ਹੋਰ ਥਾਵਾਂ 'ਤੇ ਕੰਮ ਕਰਦੇ ਹਨ ਜਿਨਾਂ ਵਿੱਚ ਭਾਰਤੀ ਮੂਲ ਦੇ ਲੋਕ ਵੀ ਉੱਚ ਅਹੁਦਿਆਂ 'ਤੇ ਹਨ। ਇਹ ਸਕੂਲ ਇਨਾਂ ਲੋਕਾਂ ਲਈ ਬਹੁਤ ਲਾਹੇਵੰਦ ਹੈ ਕਿਉਂਕਿ ਨੌਰਵੇ ਦੀ ਭਾਸ਼ਾ 'ਨੌਸ਼ਿਕ' ਬਾਕੀ ਦੇਸ਼ਾਂ ਵਿੱਚ ਨਹੀਂ ਚੱਲਦੀ। ਇਸ ਸਕੂਲ ਵਿੱਚ ਵਿਦੇਸ਼ਾਂ ਤੋਂ ਵੀ ਬੱਚੇ ਪੜਨ ਆਉਂਦੇ ਹਨ।

ਅਜੋਕੇ ਸਮੇਂ ਇੱਥੇ ਹਥਿਆਰ ਅਤੇ ਜੰਗੀ ਜਹਾਜ਼ਾਂ ਦੇ ਕਲ-ਪੁਰਜੇ ਬਣਾਉਣ ਵਾਲੀਆਂ ਕੰਪਨੀਆਂ ਕੰਮ ਕਰਦੀਆਂ ਹਨ। ਇਸ ਤੋਂ ਇਲਾਵਾ ਕੌਂਗਸਬਰਗ ਵਿੱਚ ਇੱਕ ਬਹੁਤ ਵੱਡੀ ਕੰਪਨੀ ਐੱਫ ਐੱਮ ਸੀ ਤਕਨਾਲੋਜੀ (F.M.C. "echnology) ਹੈ ਜੋ ਸਮੁੰਦਰ ਵਿੱਚੋਂ ਤੇਲ ਕੱਢਣ ਵਾਲੀਆਂ ਮਸ਼ੀਨਾਂ ਬਣਾਉਂਦੀ ਹੈ। ਇਹ ਦੁਨੀਆਂ ਭਰ ਵਿੱਚ ਤੇਲ ਦੀਆਂ ਵੱਡੀਆਂ ਕੰਪਨੀਆਂ ਨੂੰ ਮਸ਼ੀਨਾਂ ਸਪਲਾਈ ਕਰਦੀ ਹੈ। ਹੈਰਾਨੀ ਦੀ ਗੱਲ ਹੈ ਕਿ ਤਰਾਂ-ਤਰਾਂ ਦੀਆਂ ਤਕਨੀਕੀ ਕੰਪਨੀਆਂ ਵਾਲੇ ਇਸ ਸ਼ਹਿਰ ਦਾ ਵਾਤਾਵਰਨ ਬਿਲਕੁਲ ਸਵੱਛ ਹੈ। ਇਹ ਬਹੁਤ ਹੀ ਸੁੰਦਰ ਸ਼ਹਿਰ ਹੈ। ਇਸ ਨੂੰ ਦੇਖ ਕੇ ਜਾਪਦਾ ਹੈ ਕਿ ਕੌਂਗਸਬਰਗ ਸਿਲਵਰ ਸਿਟੀ ਨਹੀਂ ਸਗੋਂ ਨੌਰਵੇ ਦਾ ਗੋਲਡਨ ਸਿਟੀ ਹੋ ਨਿੱਬੜਿਆ ਹੈ ਨਿਰਾ ਸੋਨੇ ਦਾ ਸ਼ਹਿਰ।

-ਪਰਮਜੀਤ ਕੌਰ ਸਰਹਿੰਦ

Scanned with CamScanner




# ਕੀ ਆਮ ਆਦਮੀ ਪਾਰਟੀ ਦੇ ਜਿੱਤਣ ਤੇ ਭਗਵੰਤ ਮਾਨ ਵਾਕਿਆ ਹੀ ਨੌਜਵਾਨਾਂ ਹੱਥੋਂ ਟੀਕੇ ਛੁਡਵਾ ਕੇ ਟਿਫਨ ਓਨਾਂ ਦੇ ਹੱਥੀਂ ਪਕੜਾ ਦੇਵੇਗਾ?

ਵੀਹ ਸੌ ਬਾਈ ਦੀਆਂ ਵਿਧਾਨ ਸਭਾ ਚੋਣਾਂ ਦਾ ਬਿਗੁਲ ਵੱਜ ਚੁਕਾ ਹੈ ਅਤੇ ਮੈਦਾਨ ਪੂਰੀ ਤਰ੍ਹਾਂ ਭਖ ਚੁੱਕਿਆ ਹੈ, ਦਲ ਬਦਲੀਆਂ ਦਾ ਦੌਰ ਵੀ ਪਿਛਲੀਆਂ ਚੋਣਾਂ ਨਾਲੋਂ ਇਸ ਵਾਰ ਕੁੱਝ ਜ਼ਿਆਦਾ ਹੀ ਦਿਸ ਰਿਹਾ ਹੈ। ਖੈਰ! ਕੁੱਝ ਵੀ ਹੋਵੇ ਜੇਕਰ ਸਾਰੀਆਂ ਪਾਰਟੀਆਂ ਦੀ ਸਿਰ ਧੜ ਦੀ ਬਾਜ਼ੀ ਲੱਗੀ ਹੋਈ ਹੈ ਕਹਿ ਲਈਏ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਪਿਛਲੇ ਪੰਝੱਤਰ ਸਾਲਾਂ ਤੋਂ ਵਾਰੋ ਵਾਰੀ ਵਾਲੀਆਂ ਸਰਕਾਰਾਂ ਦੇ ਨਜ਼ਾਰੇ ਸਾਰੇ ਹੀ ਪੰਜਾਬ ਵਾਸੀਆਂ ਨੇ ਬਾਖੂਬੀ ਵੇਖ ਹਨ। ਇਸ ਦੀ ਵੀ ਕਿਸੇ ਨੂੰ ਕੋਈ ਭੁੱਲ ਨਹੀਂ ਹੈ ਕਿ ਹਰ ਸਰਕਾਰ ਹੀ ਪਹਿਲੇ ਸਾਢੇ ਚਾਰ ਸਾਲ ਸੁੱਤੀ ਰਹਿੰਦੀ ਹੈ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ, ਜਾਗਦੀ ਪਿਛਲੇ ਛੇ ਮਹੀਨਿਆਂ ਲਈ ਹੀ ਹੈ। ਉਸ ਸਮੇਂ ਵਿੱਚ ਵਿਕਾਸ ਕਾਰਜਾਂ ਦੀ ਗੱਲੀਂ ਬਾਤੀ ਝੜੀ ਲਾਉਣੀ, ਨੌਕਰੀਆਂ ਦੀ ਸੇਲ ਲਾਉਣੀ, ਹਰ ਕਾਰਜ ਲਈ ਨੀਂਹ ਪੱਥਰ ਰੱਖਣੇ, ਕਿਸੇ ਇੱਕ ਨਹੀਂ ਬਲਕਿ ਹਰ ਘਰ ਹੀ ਦੱਖ ਸੁੱਖ ਵਿੱਚ ਪਹੁੰਚਣਾ, ਇਹ ਸਿਲਸਿਲਾ ਚੋਣ ਜਾਬਤਾ ਲੱਗਣ ਵਾਲੇ ਦਿਨ ਤੱਕ ਹਰ ਪਾਰਟੀ ਦੀ ਸਰਕਾਰ ਵੱਲੋਂ ਹੀ ਚਲਦਾ ਰਹਿੰਦਾ ਹੈ। ਇਹ ਡਰਾਮਾ ਆਪਾਂ ਪਿਛਲੇ ਕਾਫੀ ਸਮੇਂ ਤੋਂ ਵੇਖ ਰਹੇ ਹਾਂ।

ਜੇਕਰ ਵੇਖਿਆ ਜਾਵੇ ਤਾਂ ਕੁੱਲੀ ਗੁੱਲੀ ਜੁੱਲੀ ਦਾ ਸਵਾਲ ਜਿਉਂ ਆਜ਼ਾਦੀ ਆਈ ਓਦੋਂ ਤੋਂ ਲੈ ਕੇ ਅੱਜ ਤੱਕ ਜਿਉਂ ਦਾ ਤਿਉਂ ਮੂੰਹ ਅੱਡੀ ਖੜ੍ਹਾ ਹੈ ਤੇ ਇਸ ਤੋਂ ਵੀ ਭੈੜੇ ਰਵੱਈਏ ਸਰਕਾਰਾਂ ਦੇ ਨੇ ਜੋ ਲੋਕਾਂ ਨੂੰ ਸੋਚਣ ਲਈ ਮਜਬੂਰ ਕਰਦੇ ਨੇ ਕਿ ਆਖਰ ਇਹ ਮਸਲਾ ਕਦੋਂ ਹੱਲ ਹੋਵੇਗਾ? ਕਿ ਪੁਛਤੋ ਪੁਛਤੀ ਇਹ ਇਸੇ ਤਰ੍ਹਾਂ ਹੀ ਰਹੇਗਾ? ਇਸ ਦਾ ਤਸੱਲੀ ਬਖਸ਼ ਜਵਾਬ ਹਾਲੇ ਤੱਕ ਕਿਸੇ ਵੀ ਸਤਾ ਧਿਰ ਨੇ ਨਹੀਂ ਦਿੱਤਾ ਸਗੋਂ ਆਪਣੀਆਂ ਸਿਆਸੀ ਰੋਟੀਆਂ ਸੇਕਣ ਵਿੱਚ ਹੀ ਮਗ਼ਰੂਰ ਨੇ ਤੇ ਜਾਂ ਫਿਰ ਆਪਣੇ ਚਹੇਤਿਆਂ ਨੂੰ ਨੌਕਰੀਆਂ ਜਾਂ ਸਿਆਸੀ ਦਾਅ ਪੇਚ ਸਿਖਾ ਕੇ ਲੋਕਾਂ ਨੂੰ ਲੁੱਟਣ ਤੇ ਕੁੱਟਣ ਦੇ ਤੌਰ ਤਰੀਕਿਆਂ ਵਿੱਚ ਨਿਪੁੰਨ ਕਰ ਰਹੇ ਹਨ। ਜੇਕਰ ਸਿੱਧੂ ਸਾਹਿਬ ਦੀ ਗੱਲ ਨੂੰ ਘੋਖਿਆ ਵਿਚਾਰਿਆ ਜਾਵੇ ਤਾਂ ਓਹ ਵੀ ਕਿਸੇ ਹੱਦ ਤੱਕ ਠੀਕ ਜਾਪਦੀ ਹੈ ਕਿ ਇਹ ਸਿਰਫ਼ ਤੇ ਸਿਰਫ਼ ਫਰੈਂਡਲੀ ਮੈਚ ਖੇਡ ਰਹੀਆਂ ਹਨ।

ਉਪਰੋਕਤ ਗੰਭੀਰ ਮਸਲੇ ਤੋਂ ਬਿਨ੍ਹਾਂ ਭ੍ਰਿਸ਼ਟਾਚਾਰੀ, ਬੇਰੁਜ਼ਗਾਰੀ, ਨਸ਼ਿਆਂ ਦਾ, ਰੇਤ ਮਾਫੀਆ, ਡਰੱਗ ਮਾਫੀਆ, ਟਰਾਂਸਪੋਰਟ ਮਾਫੀਆ ਅਤੇ ਹੋਰ ਪਤਾ ਨਹੀ ਕਿਹੜੇ ਕਿਹੜੇ ਮਾਫੀਏ ਅਤੇ ਮਸਲੇ ਆ ਚਿੰਬੜੇ ਨੇ ਪੰਜਾਬ ਨੂੰ, ਜੋ ਮਗਰੋਂ ਲਹਿਣ ਦਾ ਨਾਮ ਹੀ ਨਹੀਂ ਲੈ ਰਹੇ ਤੇ ਨਾਂ ਹੀ ਸਰਕਾਰਾਂ ਇਸ ਨੂੰ ਗੰਭੀਰਤਾ ਨਾਲ ਲੈਂਦੀਆਂ ਹਨ। ਪੰਜਾਬ ਦੀ ਜਵਾਨੀ ਨੂੰ ਅਤੇ ਪੰਜਾਬ ਦੀ ਹੋਂਦ ਨੂੰ ਖ਼ਤਮ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲੱਗਾ ਹੋਇਆ ਹੈ, ਆਖਿਰ ਇਸ ਦਾ ਹੱਲ ਕਿਸ ਨੇ ਕਰਨਾ ਹੈ? ਇਸ ਪਰ ਇਸ ਪੰਜਾਬ ਦੇ ਮਸਲਿਆਂ ਵੱਲ ਅੱਜ ਤੱਕ ਕਿਸੇ ਵੀ ਪਾਰਟੀ ਦੀ ਸਰਕਾਰ ਦਾ ਧਿਆਨ ਗਿਆ ਹੀ ਨਹੀਂ।




ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਇਥੋਂ ਦੇ ਲੋਕ ਹੁਣ ਹਰ ਹਾਲਤ ਬਦਲਾਅ ਚਾਹੁੰਦੇ ਹਨ। ਪਰ ਇਹ ਬਦਲਾਅ ਕਿਵੇਂ ਆਵੇਗਾ? ਹੁਣ ਆਮ ਆਦਮੀ ਪਾਰਟੀ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਵਾਲੇ ਚਿਹਰੇ ਦਾ ਐਲਾਨ ਕਰ ਦਿੱਤਾ ਹੈ। ਚਰੰਨਵੇਂ ਫੀ ਸਦੀ ਲੋਕ ਰਾਇ ਨੇ ਇੱਕ ਕਮੇਡੀ ਕਲਾਕਾਰ ਤੋਂ ਧੜੱਲੇ ਨਾਲ ਸਿਆਸਤ ਵਿੱਚ ਇੰਟਰੀ ਕਰਨ ਵਾਲੇ ਭਗਵੰਤ ਮਾਨ ਦੀ ਹੁਣ ਤੱਕ ਦੀ ਕੀਤੀ ਕਾਰਗੁਜ਼ਾਰੀ ਤੇ ਮੋਹਰ ਲਾ ਦਿੱਤੀ ਹੈ। ਜਿਵੇਂ ਓਹ ਆਪਣੀ ਜ਼ਿੰਦਗੀ ਵਿੱਚ ਕਮੇਡੀ ਕਰਕੇ ਲੋਕਾਂ ਦਾ ਚਹੇਤਾ ਕਲਾਕਾਰ ਬਣਿਆ ਸੀ ਹੁਣ ਓਸੇ ਤਰ੍ਹਾਂ ਹੀ ਸਿਆਸਤ ਕਰਕੇ ਲੋਕਾਂ ਦੇ ਦਿਲਾਂ ਤੇ ਰਾਜ ਕਰਨ ਵਿੱਚ ਸੌ ਨਹੀਂ ਬਲਕਿ ਇੱਕ ਸੌ ਇੱਕ ਪਰਸੈਂਟ ਖਰਾ ਉਤਰਨ ਵਿੱਚ ਕਾਮਯਾਬ ਹੋਇਆ ਹੈ, ਇੱਕੋ ਹਲਕੇ ਵਿਚੋਂ ਸਾਰੇ ਪੰਜਾਬ ਤੋਂ ਵੱਧ ਵੋਟਾਂ ਲੈ ਕੇ ਦੋ ਵਾਰ ਲੋਕ ਸਭਾ ਦੀਆਂ ਪੌੜੀਆਂ ਚੜ੍ਹਨੀਆਂ ਖਾਲਾ ਜੀ ਦਾ ਵਾੜਾ ਨਹੀਂ, ਆਈ ਹੋਈ ਗਰਾਂਟ ਨੂੰ ਇਮਾਨਦਾਰੀ ਨਾਲ ਲੋਕਾਂ ਦੇ ਸਾਂਝੇ ਕੰਮਾਂ ਵਿੱਚ ਲਾਉਣਾ ਵੀ ਉਸ ਦੀ ਲੋਕ ਪ੍ਰਿਅਤਾ ਵਿੱਚ ਵਾਧਾ ਕਰਦਾ ਹੈ। ਭਗਵੰਤ ਮਾਨ ਦੇ ਮੁੱਖ ਮੰਤਰੀ ਚਿਹਰੇ ਨੂੰ ਆਮ ਲੁਕਾਈ ਨੇ ਖਿੜੇ ਮੱਥੇ ਪ੍ਰਵਾਨ ਕਰਦਿਆਂ ਅਠਾਰਾਂ ਜਨਵਰੀ ਨੂੰ ਜੋ ਜਸ਼ਨ ਮਨਾਇਆ ਹੈ, ਓਹ ਵੀ ਦੇਸ਼ ਵਿੱਚ ਪਹਿਲੀ ਵਾਰ ਹੋਇਆ ਅਤੇ ਜੋ ਲੋਕ ਰਾਇ ਲਈ ਗਈ ਪੰਜਾਬ ਵਾਸੀਆਂ ਤੋਂ ਮੁੱਖ ਮੰਤਰੀ ਦੇ ਚਿਹਰੇ ਲਈ। ਇਹ ਵੀ ਇਤਿਹਾਸ ਵਿੱਚ ਦਰਜ ਹੋ ਗਈ ਹੈ। ਇਸ ਲਈ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਵਧਾਈ ਦੇ ਪਾਤਰ ਹਨ। ਬੇਸ਼ੱਕ ਦਾਸ ਕਿਸੇ ਪਾਰਟੀ ਨਾਲ ਸਬੰਧਤ ਨਹੀਂ, ਪਰ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਭਲਾਈ ਦਾ ਸਦਾ ਮੁਦੱਈ ਹਾਂ ਅਤੇ ਆਪਣੇ ਵੋਟ ਪਾਉਣ ਦਾ ਅਤੇ ਵਿਦੇਸ਼ ਬੈਠੇ ਪੰਜਾਬੀ ਭਾਈਚਾਰੇ ਨੇ ਵੀ ਜ਼ਰੂਰ ਸੁਣਿਆ ਹੋਵੇਗਾ। ਕੁੱਝ ਕਰਨ ਦਾ ਹੌਂਸਲਾ, ਜਜ਼ਬੇ ਅਤੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਲਈ ਦਿਲ ਦੀਆਂ ਉਮੰਗਾਂ ਉਮੀਦਾਂ, ਗੱਲ ਕਰਨ ਦਾ ਅੰਦਾਜ਼, ਠਰ੍ਹੰਮੇ ਅਤੇ ਹਰ ਕਿਸਮ ਦਾ ਸਬਰ, ਸੰਜਮ ਸਹਿਣਸ਼ੀਲਤਾ ਅਤੇ ਦਰੇਗ ਹੈ ਪੰਜਾਬ ਲਈ ਇਸ ਇਨਸਾਨ ਅੰਦਰ। ਇਸ ਸਮੇਂ ਉਸ ਨੇ ਇਹ ਗੱਲ ਕਰਕੇ ਵੀ ਆਪਣੇ ਚਹੇਤਿਆਂ ਦਾ ਦਿਲ ਜਿੱਤਿਆ ਹੈ ਕਿ ਸਰਿੰਜਾਂ ਵਾਲੇ ਹੱਥਾਂ ਵਿੱਚ [ਰੋਟੀ ਵਾਲੇ ਡੱਬੇ] ਟਿਫਨ ਫੜਾਉਣ ਦਾ ਸਾਡਾ ਪਹਿਲਾ ਕੰਮ ਹੋਵੇਗਾ। ਇਹ ਕੰਮ ਓਹ ਜਾਂ ਓਹਨਾਂ ਦੀ ਪਾਰਟੀ ਕਰ ਸਕਦੇ ਹਨ ਬਸ਼ਰਤੇ ਕਿ ਲੋਕ ਓਹਨਾਂ ਨੂੰ ਇਹ ਕੰਮ ਕਰਨ ਦਾ ਸਮਾਂ ਦੇਣ।

ਕੀ ਆਮ ਆਦਮੀ ਪਾਰਟੀ ਦੇ ਜਿੱਤਣ ਤੇ ਭਗਵੰਤ ਮਾਨ ਵਾਕਿਆ ਹੀ ਨੌਜਵਾਨਾਂ ਹੱਥੋਂ ਟੀਕੇ ਛੁਡਵਾ ਕੇ ਟਿਫਨ ਓਨਾਂ ਦੇ ਹੱਥੀਂ ਪਕੜਾ ਦੇਵੇਗਾ? ਇਹ ਅਜੇ ਆਉਣ ਵਾਲਾ ਸਮਾਂ ਹੀ ਦੱਸੇਗਾ।

# ਕਦੋਂ ਰੁਕੇਗੀ ਦਿੱਲੀ 'ਚ ਦਰਿੰਦਗੀ



ਦਿੱਲੀ ਭਾਰਤ ਦਾ ਦਿਲ, ਭਾਰਤ ਦੀ ਰਾਜਧਾਨੀ। ਇੱਕ ਅਜਿਹਾ ਸ਼ਹਿਰ ਜਿੱਥੇ ਭਾਰਤ ਦੇ ਕਾਨੂੰਨਾ ਦੇ ਸਭ ਤੋਂ ਵੱਡੇ ਅਦਾਰੇ ਹਨ। ਅਜਿਹੀ ਜਗ੍ਹਾ ਜਿੱਥੇ ਭਾਰਤ ਦੀ ਹਕੂਮਤ ਰਹਿੰਦੀ ਹੈ। ਇੱਕ ਅਜਿਹਾ ਸਥਾਨ ਜਿੱਥੇ ਦੇਸ਼ ਦੇ ਵੱਡੇ ਫ਼ੈਸਲੇ ਲਏ ਜਾਂਦੇ ਹਨ। ਦਿਨ ਰਾਤ ਚਹਿਲ ਪਹਿਲ ਤੇ ਤਮਾਮ ਲੋਕਾਂ ਨਾਲ ਖਚਾਖਚ ਭਰਿਆ ਇਹ ਸ਼ਹਿਰ ਜਿੰਨਾ ਵੱਡਾ ਮਾਣ ਆਪਣੇ ਕੋਲ ਰੱਖੀ ਬੈਠਾ ਹੈ, ਸਮਾਂ ਗਵਾਹ ਹੈ ਕਿ ਉਨੇ ਜਿਆਦਾ ਘਿਨੌਣੇ ਕੰਮ ਇਸ ਧਰਤੀ ਤੇ ਹੁੰਦੇ ਰਹੇ। ਸਿੱਖਾਂ ਦੇ ਨੌਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਸ਼ਹਾਦਤ ਹੋਵੇ, ਚਾਹੇ ਚੁਰਾਸੀ ਦਾ ਖ਼ੂਨ ਖਰਾਬਾ, ਚਾਹੇ ਔਰਤਾਂ ਦੀਆਂ ਇੱਜ਼ਤਾਂ ਲੀਰੋ ਲੀਰ ਹੋਣੀਆਂ ਹੋਣ, ਮੌਤ, ਅਪਮਾਨ, ਸ਼ਰੀਰਕ, ਮਾਨਸਿਕ ਹਰ ਤਰ੍ਹਾਂ ਦਾ ਜੁਲਮ ਇਸ ਧਰਤੀ ਤੇ ਹੋਇਆ ਹੈ।

ਇੱਕ ਅਜਿਹਾ ਸ਼ਹਿਰ ਜਿੱਥੇ ਲੋਕ ਆਪਣੀਆਂ ਬੇਟੀਆਂ ਨੂੰ ਰਾਤ ਬਾਹਰ ਇੱਕਲਿਆਂ ਜਾਣ ਤੋਂ ਰੋਕਦੇ ਹਨ। ਇੱਕ ਅਜਿਹਾ ਸ਼ਹਿਰ ਜਿੱਥੇ ਔਰਤ ਬਿਲਕੁਲ ਵੀ ਮਹਿਫ਼ੂਜ਼ ਨਹੀਂ। ਇਹ ਸਾਡੇ ਦੇਸ਼ ਦੀ ਜ਼ਮੀਨੀ ਹਕੀਕਤ ਹੈ, ਅਸੀਂ ਕਿੰਨਾ ਵੀ ਕਹਿ ਲਈਏ ਕਿ ਭਾਰਤ ਨੇ ਬਹੁਤ ਤਰੱਕੀ ਕਰ ਲਈ ਪਰ ਸਭ ਫੋਕਾ ਦਿਖਾਵਾ। ਅੱਜ ਵੀ ਅਸੀਂ ਗੁਲਾਮ ਹਾਂ, ਸੌੜੀ ਸੋਚ ਦੇ ਕੁਚੱਜੀ ਵਿਚਾਰਧਾਰਾ ਦੇ! ਨਿਰਭਿਆ ਵਰਗੀਆਂ ਪਤਾ ਨਹੀਂ ਕਿੰਨੀਆਂ ਕੁ ਲੜਕੀਆਂ ਅੱਜ ਤੱਕ ਬਲਾਤਕਾਰ ਦਾ ਸ਼ਿਕਾਰ ਹੋ ਚੁੱਕੀਆਂ ਹਨ। ਹਵਸ਼ ਦੇ ਭੁੱਖੇ ਲਾਲਚੀ ਭੇੜੀਏ ਕਿਸੇ ਵੀ ਰਾਹ ਜਾਂਦੀ ਧੀ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਜਾਂਦੇ ਹਨ ਤੇ ਤੇ ਸਾਡਾ ਕਾਨੂੰਨ ਸਿਰਫ਼ ਮੂੰਹ ਚੁੱਕੀ ਵੇਖਦਾ ਰਹਿੰਦਾ ਹੈ। ਪਤਾ ਨਹੀਂ ਕਿੰਨੇ ਕੁ ਮਾਂ ਬਾਪ ਆਪਣੀਆ ਜਾਨੋ ਪਿਆਰੀਆਂ ਧੀਆਂ ਨੂੰ ਗਵਾ ਚੁੱਕੇ ਹਨ। ਇਸੇ ਤਰ੍ਹਾਂ ਇੱਕ ਤਾਜ਼ਾ ਮਸਲਾ 26 ਜਨਵਰੀ ਦੇ ਦਿਨ ਸਾਹਮਣੇ ਆਇਆ। ਜਿੱਥੇ ਪੂਰਾ ਦੇਸ਼ ਗਣਤੰਤਰ ਦਿਵਸ ਮਨ੍ਹਾ ਰਿਹਾ ਸੀ, ਉੱਥੇ ਦਿੱਲੀ ਦੀਆਂ ਗਲੀਆਂ 'ਚ ਇਕ ਕੁੜੀ ਦੀ ਇੱਜ਼ਤ ਤਾਰ-ਤਾਰ ਹੋ ਰਹੀ ਸੀ। ਮੈਨੂੰ ਲੱਗਦਾ ਕਿ ਇਸ ਤੋਂ ਵੱਡੀ ਤ੍ਰਾਸਦੀ ਸਾਡੇ ਦੇਸ਼ ਦੇ ਕਾਨੂੰਨ ਲਈ ਹੋਰ ਕੋਈ ਨਹੀਂ ਹੋ ਸਕਦੀ ਕਿ ਜਿਸ ਦਿਨ ਅਸੀਂ ਇਹਨਾਂ ਕਾਨੂੰਨਾਂ ਦੇ ਹੋਂਦ ਵਿੱਚ ਆਉਣ ਦਾ ਜਸ਼ਨ ਮਨਾ ਰਹੇ ਸੀ, ਉਸੇ ਦਿਨ ਉਸੇ ਸ਼ਹਿਰ ਵਿੱਚ ਉਹਨਾਂ ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸੀ। ਦਿੱਲੀ 'ਚ 20 ਸਾਲ੍ਹਾ ਇਕ ਕੁੜੀ ਨੂੰ ਅਗਵਾ ਕਰ ਕੇ ਪਹਿਲਾਂ ਸਮੂਹਕ ਜਬਰ ਜ਼ਿਨਾਹ ਕੀਤਾ ਗਿਆ ਅਤੇ ਫਿਰ ਉਸ ਨਾਲ ਬਦਸਲੂਕੀ ਅਤੇ ਵਾਲ ਕੱਟ ਕੇ ਸੜਕਾਂ 'ਤੇ ਘੁਮਾਇਆ ਗਿਆ। ਇਸ ਦਾ ਇਕ ਸ਼ਰਮਨਾਕ ਵੀਡੀਓ ਵੀ ਸਾਹਮਣੇ ਆਇਆ ਹੈ, ਜਿਸ 'ਚ ਕੁਝ ਔਰਤਾਂ ਵੀ ਦਿਖਾਈ ਦੇ ਰਹੀਆਂ ਹਨ।


ਇਸ ਮਸਲੇ ਵਿੱਚ ਇੱਕ ਔਰਤ ਉੱਪਰ ਇੱਕ ਨਹੀਂ ਬਲਕਿ ਪਤਾ ਨਹੀਂ ਕਿੰਨੇ ਕੁ ਜ਼ੁਲਮ ਢਾਹੇ ਗਏ। ਸਮੂਹਿਕ ਜਬਰ ਜਨਾਹ ਕੀਤਾ ਗਿਆ, ਮਾਰ ਕੁਟਾਈ ਕੀਤੀ ਗਈ, ਇੱਥੇ ਹੀ ਬਸ ਨਹੀਂ ਉਸਦੀ ਮਰਜ਼ੀ ਤੋਂ ਬਿਨ੍ਹਾਂ ਉਸ ਦੇ ਕੇਸ ਕਤਲ ਕੀਤੇ ਗਏ, ਕਈ ਅਜਿਹੀਆਂ ਹਰਕਤਾਂ ਕੀਤੀਆਂ ਗਈਆਂ ਜਿੰਨਾ ਸਾਹਮਣੇ ਇਨਸਾਨੀਅਤ ਸ਼ਰਮਸ਼ਾਰ ਹੋ ਜਾਂਦੀ, ਕਿਸ ਤਰ੍ਹਾਂ ਦਾ ਭਾਣਾ ਵਰਤਿਆ ਕਿ ਉਸ ਔਰਤ ਤੇ ਏਨਾਂ ਜ਼ੁਲਮ ਢਾਹ ਕੇ ਫਿਰ ਉਸਦਾ ਮੂੰਹ ਕਾਲਾ ਕਰ ਦੁਨੀਆਂ ਵਿੱਚ ਜਲੂਸ ਕੌਢਿਆ ਗਿਆ, ਜਿੱਥੇ ਇੱਕ ਪਾਸੇ ਦਿੱਲੀ ਵਿੱਚ ਪਰੇਡ ਹੋ ਰਹੀ ਹੋਵੇਗੀ, ਭਾਰਤ ਦੇ ਗੌਰਵ ਦੀਆਂ ਝਲਕੀਆਂ ਕੱਢੀਆਂ ਜਾ ਰਹੀਆਂ ਹੋਣਗੀਆਂ ਉੱਥੇ ਦੂਸਰੇ ਪਾਸੇ ਇੱਕ ਔਰਤ ਦੀ ਪਰੇਡ ਹੋ ਰਹੀ ਸੀ, ਜਿਸ ਨੂੰ ਦੁਨੀਆਂ ਸਾਹਮਣੇ ਅਪਮਾਨਿਤ ਕੀਤਾ ਜਾ ਰਿਹਾ ਸੀ। ਇਸ ਤੋਂ ਇਲਾਵਾ ਸਾਡੇ ਸਮਾਜ ਦਾ ਇੱਕ ਹੋਰ ਚਿਹਰਾ ਸਾਨੂੰ ਵੇਖਣ ਨੂੰ ਮਿਲਿਆ ਕਿ ਔਰਤ ਹੀ ਔਰਤ ਦੀ ਦੁਸ਼ਮਣ ਬਣੀ ਹੋਈ ਹੈ। ਇਸ ਮਸਲੇ ਵਿੱਚ ਹੋਈਆਂ ਗ੍ਰਿਫ਼ਤਾਰੀਆਂ ਵਿੱਚ ਔਰਤਾਂ ਦੀ ਗਿਣਤੀ ਜਿਆਦਾ ਹੈ। ਜੋ ਕਿ ਤਮਾਮ ਦੇਸ਼ ਦੁਨੀਆਂ ਦੇ ਔਰਤ ਜਗਤ ਨੂੰ ਸ਼ਰਮਿੰਦਿਆਂ ਕਰਦੀ ਹੈ। ਜੇਕਰ ਔਰਤ .... ਔਰਤ ਦੇ ਹੱਕ ਵਿੱਚ ਭੁਗਤ ਜਾਵੇ ਤਾਂ ਔਰਤਾਂ ਉੱਪਰ ਹੋਣ ਵਾਲੇ ਬਹੁਤ ਸਾਰੇ ਜ਼ੁਲਮਾਂ ਨੂੰ ਢੱਲ ਪਾਈ ਜਾ ਸਕਦੀ ਹੈ। ਭਾਵੇਂ ਉਹ ਘਰੇਲੂ ਹੋਣ ਚਾਹੇ ਸਮਾਜਿਕ। ਦੂਸਰਾ ਪੱਖ ਜੋ ਇੱਥੇ ਵੇਖਣ ਨੂੰ ਮਿਲਿਆ ਕਿ ਉਸ ਲੜਕੀ ਦੇ ਬਿਨ੍ਹਾਂ ਮਰਜ਼ੀ ਤੋਂ ਕੇਸ ਕਤਲ ਗਏ, ਜੋ ਕਿ ਉਸਦੀ ਧਾਰਮਿਕ ਸੁਤੰਤਰ ਉੱਪਰ ਸੱਟ ਸੀ। ਇਹ ਇੱਕ ਅਜਿਹੀ ਘਟਨਾ ਹੈ ਜਿਸਨੇ ਹਰ ਸੰਵੇਦਨਸ਼ੀਲ ਮਨੁੱਖ ਦੀ ਰੂਹ ਨੂੰ ਝੰਜੋੜ ਦਿੱਤਾ। ਇਹ ਕੋਈ ਪਹਿਲੀ ਘਟਨਾ ਨਹੀਂ ਅਜਿਹੀਆਂ ਪਤਾ ਨਹੀਂ ਕਿੰਨੀਆਂ ਕੁ ਔਰਤਾਂ ਨਿੱਤ ਆਪਣੀ ਪੱਤ ਲੀਰੋ ਲੀਰ ਕਰਵਾਉਂਦੀਆਂ ਹਨ, ਹੈਰਾਨਗੀ ਦੀ ਗੱਲ ਵੇਖੋ ਇੱਕ ਔਰਤ ਉੱਪਰ ਜ਼ੁਲਮ ਕੀਤਾ ਜਾਂਦਾ, ਫਿਰ ਉਸਦਾ ਸਾਥ ਦੇਣ ਦੀ ਬਜਾਇ ਉਸਨੂੰ ਸਮਾਜ ਤੋਂ ਬਿਲਕੁਲ ਅਲੱਗ ਕਰ ਦਿੱਤਾ ਜਾਂਦਾ, ਉਸ ਵੱਲ ਇਸ ਨਜ਼ਰ ਨਾਲ ਦੇਖਿਆ ਜਾਂਦਾ ਕਿ ਜੇਕਰ ਉਸ ਨਾਲ ਬਲਾਤਕਾਰ ਹੋਇਆ ਤਾਂ ਉਸ ਵਿੱਚ ਵੀ ਉਸਦਾ ਕਸੂਰ ਹੈ। ਪਹਿਲਾਂ ਸਰੀਰਕ ਤਸ਼ਦੱਦ, ਫਿਰ ਮਾਨਸਿਕ ਤੇ ਹਾਲੇ ਅਸੀਂ ਆਪਣੇ ਦੇਸ਼ ਨੂੰ ਇੱਕ ਸੱਭਿਅਕ ਦੇਸ਼ ਕਹਿੰਦੇ ਹਾਂ।



ਇਹ ਸਵਾਲ ਹੈ ਤਮਾਮ ਉਹਨਾਂ ਕਾਨੂੰਨ ਦੇ ਰਖਵਾਲਿਆਂ ਲਈ ਕਿ ਕਿਉਂ ਉਹ ਅਸਫਲ ਰਹਿੰਦੇ ਨੇ ਇੱਕ ਨਿਰੋਆ ਸਮਾਜ ਸਿਰਜਣ ਵਿੱਚ। ਕਿਉਂ ਦਿੱਲੀ ਦੀ ਦਰਿੰਦਗੀ ਕਦੇ ਠੱਲਦੀ ਨਹੀਂ। ਕਿਉਂਕਿ ਮਨੁੱਖੀ ਅਧਿਕਾਰਾਂ ਦਾ ਪਤਨ ਸ਼ਰੇਆਮ ਹੁੰਦਾ ਹੈ? ਕਿਉਂ ਇੱਕ ਔਰਤ ਕੋਲ ਜਿਊਣ ਦਾ ਹੱਕ ਖੋਹ ਲਿਆ ਜਾਂਦਾ ਹੈ ਤੇ ਛੱਡ ਦਿੱਤਾ ਜਾਂਦਾ ਹੈ ਉਸਨੂੰ ਅਧਮੋਈ ਜ਼ਿੰਦਗੀ ਜਿਊਣ ਲਈ। ਇਹ ਘਟਨਾ ਧਾਰਮਿਕ ਸਮਾਜਿਕ ਭਾਵਨਾਵਾਂ ਨੂੰ ਧੁਰ ਅੰਦਰ ਤੱਕ ਹਿਲਾਉਣ ਵਾਲੀ ਘਟਨਾ ਹੈ। ਜੇਕਰ ਸਮਾਜ ਤੇ ਧਰਮ ਦੇ ਸਿਰਮੌਰ ਆਗੂਆਂ ਨੇ ਇਸ ਮਸਲੇ ਬਾਰੇ ਸੰਜੀਦਗੀ ਨਾਲ ਨਾ ਸੋਚਿਆ ਤਾਂ ਉਹਨਾਂ ਨੂੰ ਵੀ ਹੋਰਾਂ ਵਾਂਗ ਆਮ ਲੋਕਾਂ ਵਾਂਗ ਬੈਠ ਜਾਣਾ ਚਾਹੀਦਾ ਹੈ।

ਅਸੀਂ ਇਸ ਸਮਾਜ ਦਾ ਹਿੱਸਾ ਹਾਂ, ਤਮਾਸ਼ਬੀਨ ਨਾ ਬਣੀਏ ਦਿੱਲੀ ਵਿੱਚ ਲੱਗੀ ਅੱਗ ਦਾ ਸੇਕ ਅੱਜ ਤੱਕ ਸਾਡੇ ਹੱਡਾਂ ਨੂੰ ਲੂਸਦਾ ਹੈ, ਯਾਦ ਰੱਖਿਓ ਅੱਜ ਕਿਸੇ ਦੀ ਧੀ ਭੈਣ ਇਹਨਾਂ ਜ਼ੁਲਮਾਂ ਦੀ ਸ਼ਿਕਾਰ ਹੋਈ ਹੈ, ਕੱਲ ਨੂੰ ਪਤਾ ਨਹੀਂ ਕਿਸਦੀ ਵਾਰੀ ਆ ਜਾਵੇ। ਆਪਣੀ ਜ਼ਿੰਮੇਵਾਰੀ ਸਮਝੀਏ, ਸਰਕਾਰਾਂ ਨੂੰ, ਕਾਨੂੰਨ ਨੂੰ, ਸਮਾਜ ਨੂੰ, ਧਰਮਾਂ ਨੂੰ ਉਹਨਾਂ ਦੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਈਏ। ਆਪਣੇ ਆਪ ਨੂੰ ਕਾਨੂੰਨ ਦੇ ਰਖਵਾਲੇ, ਲੋਕਾਂ ਦੇ ਸੇਵਕ ਕਹਿਣ ਵਾਲਿਆਂ ਨੂੰ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਉਹ ਦੇਸ਼ ਜਿਸਦੀ ਰਾਜਧਾਨੀ ਵਿੱਚ ਹੀ ਔਰਤਾਂ ਮਹਿਫ਼ੂਜ਼ ਨਹੀਂ ਕਿਵੇਂ ਇੱਕ ਚੰਗਾ ਲੋਕਤੰਤਰੀ ਦੇਸ਼ ਅਖਵਾ ਸਕਦਾ ਹੈ? ਇਹਨਾਂ ਜ਼ੁਲਮਾਂ ਦੀ ਅੱਗ ਨੂੰ ਸਿਆਣਪ, ਸੁਚੱਜੀ ਅਗਵਾਈ ਰੂਪੀ ਪਾਣੀ ਪਾ ਬੁਝਾਇਆ ਜਾ ਸਕਦਾ ਹੈ ਨਹੀਂ ਤਾਂ ਇਹ ਸਵਾਲ ਹਮੇਸ਼ਾ ਰਹੇਗਾ ਕਿ ਆਖਰ ਕਦੋਂ ਰੁੱਕੇਗੀ ਦਿੱਲੀ ਵਿੱਚ ਦਰਿੰਦਗੀ?

ਹਰਕੀਰਤ ਕੌਰ, ਮੋ. 97791-18066



Scanned with CamScanner

# ਅੰਤਰ-ਰਾਸ਼ਟਰੀ ਢਾਡੀ ਭਾਈ ਸਾਧੂ ਸਿੰਘ ਧੰਮੂ ਧੂਰਕੋਟ ਨੂੰ ਵੱਖ-ਵੱਖ ਸ਼ੋਕ ਸੁਨੇਹੀਆਂ ਵੱਲੋਂ ਨਿੱਘੀਆਂ ਸ਼ਰਧਾਂਜਲੀਆਂ ਭੇਂਟ




**ਸਮਾਲਸਰ** - 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਧਾਰਮਿਕ ਸੰਪਾਦਕ, ਦਿਹਾਤੀ ਪ੍ਰੈਸ ਕਲੱਬ ਬਾਘਾਪੁਰਾਣਾ ਦੇ ਮੈਂਬਰ, ਤਾਈ ਨਿਹਾਲੀ ਸਾਹਿਤ ਕਲਾ ਮੰਚ ਲੰਗੇਆਣਾ ਦੇ ਸਰਪ੍ਰਸਤ, ਅੰਤਰ-ਰਾਸ਼ਟਰੀ ਢਾਡੀ ਗਿਆਨੀ ਸਾਧੂ ਸਿੰਘ ਧੰਮੂ ਧੂਰਕੋਟ ਵਾਲੇ ਆਪਣੀ 50 ਸਾਲ ਉਮਰ ਭੋਗਦੇ ਹੋਏ ਬੀਤੇ ਦਿਨੀਂ ਬੇਵਕਤੀ ਸਦੀਵੀ ਵਿਛੋੜਾ ਦੇ ਗਏ ਸਨ ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਪਿੰਡ ਸਮਾਲਸਰ ਦੇ ਬਾਬਾ ਜੀਵਨ ਸਿੰਘ ਗੁਰਦੁਆਰਾ ਸਾਹਿਬ ਵਿਖੇ ਹੋਈ। ਇਸ ਮੌਕੇ ਗ੍ਰੰਥੀ ਸਿੰਘਾਂ ਵੱਲੋਂ ਪਾਏ ਗਏ ਭੋਗ ਉਪਰੰਤ ਪ੍ਰਸਿੱਧ ਕੀਰਤਨੀਏ ਭਾਈ ਬਲਦੇਵ ਸਿੰਘ ਵਡਾਲਾ (ਸਾਬਕਾ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ) ਅਤੇ ਰਾਗੀ ਸੁਖਵਿੰਦਰ ਸਿੰਘ ਪੰਜਗਰਾਈਂ ਦੇ ਕੀਰਤਨੀ ਜੱਥਿਆਂ ਵੱਲੋਂ ਵੈਰਾਗ ਮਈ ਕੀਰਤਨ ਕੀਤਾ ਗਿਆ।

ਉਪਰੰਤ ਮੱਖਣ ਸਿੰਘ ਮੁਸਾਫ਼ਿਰ, ਕਵੀਸ਼ਰ ਵੀਰਭਾਨ ਸਿੰਘ ਮੌੜ ਮਾਲਵਾ, ਬਾਬਾ ਜੋਰਾ ਸਿੰਘ, ਬਾਬਾ ਬਲਦੇਵ ਸਿੰਘ ਮੰਡੀਰਾਂ, ਢਾਡੀ ਮਲਕੀਤ ਸਿੰਘ ਪੰਖੇਰੂ ਲੋਹਗੜ੍ਹ ਵਾਲਿਆਂ ਵੱਲੋਂ ਸਵਰਗੀ ਭਾਈ ਸਾਧੂ ਸਿੰਘ ਧੰਮੂ ਦੇ ਫ਼ਲਸਫ਼ਿਆਂ ਤੇ ਚਾਨਣਾ ਪਾਉਂਦਿਆਂ ਨਿੱਘੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਭਾਈ ਮੱਖਣ ਸਿੰਘ ਮੁਸਾਫ਼ਿਰ ਵੱਲੋਂ ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ), ਮੈਡਮ ਭਾਗਵੰਤੀ ਪੁਰਬਾ (ਮੈਨੇਜਿੰਗ ਡਾਇਰੈਕਟਰ: 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ.), ਮਨਮੋਹਨ ਸਿੰਘ ਚੀਮਾ (ਜ਼ਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ, ਮੋਗਾ), ਬਾਬਾ ਜਸਵੀਰ ਸਿੰਘ ਲੋਹਾਰਾ, ਗੁਰਮੇਲ ਸਿੰਘ ਪੁਰਬਾ (ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਲੋਹਾਰਾ), ਭਾਈ ਹਰਪ੍ਰੀਤ ਸਿੰਘ ਡੋਨੀ ਚੜਿੱਕ (ਮੁੱਖ ਪ੍ਰਬੰਧਕ: ਗੁਰੂ ਨਾਨਕ ਦਰਬਾਰ, ਨਾਨਕਸਰ ਠਾਠ ਮੰਡੀਰਾਂ), ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ (ਮੁੱਖ ਸੇਵਾਦਾਰ: ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ), ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ (ਮੁੱਖ ਸੇਵਾਦਾਰ: ਗੁਰਦੁਆਰਾ ਦੁੱਖ ਭੰਜਣਸਰ ਸਾਹਿਬ, ਖੁਖਰਾਣਾ), ਬਾਬਾ ਫੌਜਾ ਸਿੰਘ ਜੀ ਸੁਭਾਨੇ ਵਾਲੇ (ਮੁੱਖ ਸੇਵਾਦਾਰ: ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਸੁਭਾਨਾ), ਪ੍ਰਬੰਧਕ ਕਮੇਟੀ ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ, ਖੁਖਰਾਣਾ, ਸਾਹਿਤ ਸਭਾ ਭਲੂਰ, ਤਾਈ ਨਿਹਾਲੀ ਸਾਹਿਤ ਕਲਾ ਮੰਚ ਲੰਗੇਆਣਾ, ਸਾਹਿਤ ਸਭਾ ਬਾਘਾਪੁਰਾਣਾ, ਮਾਲਵਾ ਕਵੀਸ਼ਰ ਢਾਡੀ ਸਾਹਿਤ ਸਭਾ, ਢਾਡੀ ਕਵੀਸ਼ਰ ਕਲਾ ਬਚਾਓ ਲਹਿਰ ਵੱਲੋਂ ਆਏ ਹੋਏ ਸ਼ੋਕ ਸੰਦੇਸ਼ ਰਾਹੀਂ ਸਟੇਜ਼ ਤੋਂ ਹਾਜ਼ਰੀ ਲਵਾਈ। ਉਪਰੰਤ ਭਾਈ ਸਾਧੂ ਸਿੰਘ ਧੰਮੂ ਦੇ ਸਪੁੱਤਰ ਮਹਿੰਦਰ ਸਿੰਘ ਮੇਹਨਤੀ ਨੂੰ ਪ੍ਰੀਵਾਰਿਕ ਰਿਸ਼ਤੇਦਾਰਾਂ ਅਤੇ ਭਾਈ ਬਲਦੇਵ ਸਿੰਘ ਵਡਾਲਾ, ਮਾਲਵਾ ਕਵੀਸ਼ਰ ਢਾਡੀ ਸਾਹਿਤ ਸਭਾ, ਢਾਡੀ ਕਵੀਸ਼ਰ ਕਲਾ ਬਚਾਓ ਲਹਿਰ ਗੁਰੂ ਨਾਨਕ ਦਰਬਾਰ, ਨਾਨਕਸਰ ਠਾਠ ਮੰਡੀਰਾਂ ਵੱਲੋਂ ਦਸਤਾਰਬੰਦੀ ਦੀ ਰਸਮ ਕੀਤੀ ਗਈ ਅਤੇ ਭਾਈ ਸਾਧੂ ਸਿੰਘ ਧੰਮੂ ਦੀ ਧਰਮਪਤਨੀ ਚਰਨਜੀਤ ਕੌਰ ਸਮਾਲਸਰ ਨੂੰ ਸਿਰੋਪਾਓ ਭੇਂਟ ਕੀਤੇ ਗਏ।

ਇਸ ਮੌਕੇ ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: ਮਹਿਕ ਵਤਨ ਦੀ ਲਾਈਵ), ਮਨਮੋਹਨ ਸਿੰਘ ਚੀਮਾ, ਮੰਗਤ ਸਿੰਘ ਧੂਰਕੋਟ, ਬੀਬੀ ਰਾਮਪ੍ਰੀਤ ਕੌਰ, ਜਸਵਿੰਦਰ ਸਿੰਘ ਮਾਨਸਾ, ਢਾਡੀ ਮਲਕੀਤ ਸਿੰਘ ਪੰਖੇਰੂ, ਕਵੀਸ਼ਰ ਜਗਜੀਵਨ ਸਿੰਘ ਰੋਡੇ, ਰਾਗੀ ਬਲਤੇਜ ਸਿੰਘ ਹਜ਼ਾਰਾ, ਰਾਗੀ ਸਤਨਾਮ ਸਿੰਘ ਰੋਡੇ, ਰਾਗੀ ਸੁਖਵਿੰਦਰ ਸਿੰਘ ਪੰਜਗਰਾਈਂ, ਜਸਕਰਨ ਸਿੰਘ ਰਾਮੇਆਣਾ, ਬਾਬਾ ਬੂਟਾ ਸਿੰਘ ਯੋਧਪੁਰੀ, ਭਾਈ ਗੁਰਪ੍ਰਕਾਸ਼ ਸਿੰਘ ਮੁੱਲਾਂਪੁਰ ਦਾਖਾ, ਕੁਲਵਿੰਦਰ ਸਿੰਘ ਕੋਮਲ, ਕੁਲਵਿੰਦਰ ਸਿੰਘ ਰਣੀਆਂ, ਕਵੀਸ਼ਰ ਮੱਖਣ ਸਿੰਘ ਮੁਸਾਫ਼ਿਰ, ਪੱਤਰਕਾਰ ਮੋਹਰ ਗਿੱਲ ਸਿਰਸੜੀ, ਪੱਤਰਕਾਰ ਸਾਧੂ ਰਾਮ ਲੰਗੇਆਣਾ, ਕਵੀਸ਼ਰ ਵੀਰਪਾਲ ਸਿੰਘ ਸਮਾਲਸਰ, ਕਵੀਸ਼ਰ ਸਵਰਨ ਸਿੰਘ ਸਮਾਲਸਰ, ਸੁਰੰਗੀ ਮਾਸਟਰ ਜਸਵਿੰਦਰ ਸਿੰਘ ਮਾਨਸਾ, ਢਾਡੀ ਪ੍ਰਚਾਰਕ ਗੁਰਭੇਜ ਸਿੰਘ ਫਰੀਦਕੋਟ, ਲਛਮਣ ਸਿੰਘ ਲੰਡੇ, ਢਾਡੀ ਬਲਬੀਰ ਸਿੰਘ ਬੱਲ ਮਾਨਸਾ, ਤੇਜਾ ਸਿੰਘ ਸ਼ੌਂਕੀ, ਬਾਬਾ ਗੁਰਦੀਪ ਸਿੰਘ ਖੋਸਾ, ਪੱਤਰਕਾਰ ਬਲਵਿੰਦਰ ਸਿੰਘ ਔਲਖ, ਅਮਰ ਸਿੰਘ ਔਲਖ, ਗਿਆਨੀ ਰਣਜੀਤ ਸਿੰਘ ਖਾਲਸਾ ਲੰਗੇਆਣਾ ਦਮਦਮੀ ਟਕਸਾਲ, ਅਮਰਜੀਤ ਸਿੰਘ ਕਲੱਬ ਪ੍ਰਧਾਨ ਲੰਗੇਆਣਾ, ਗੋਬਿੰਦ ਮਿਊਜ਼ਿਕ ਮਾਸਟਰ ਸਮਾਲਸਰ, ਬਾਬਾ ਜੋਰਾ ਸਿੰਘ ਤਲਵਡਾ, ਢਾਡੀ ਸੁਰਿੰਦਰ ਕੌਰ ਕੁਲੈਹਰੀ, ਕਵੀਸ਼ਰ ਅਮਰਜੀਤ ਸਿੰਘ ਮੁੱਦਕੀ, ਢਾਡੀ ਦਲਬਾਗ ਸਿੰਘ ਕਾਉਣੀ, ਢਾਡੀ ਲਖਵਿੰਦਰ ਸਿੰਘ ਕੋਟਲੀ, ਕੰਵਲਜੀਤ ਭੋਲਾ ਲੰਡੇ, ਸੇਵਕ ਚੀਮਾਂ ਲੰਡੇ, ਗੁਰਲਾਲ ਲਾਲੀ, ਸਤਨਾਮ ਸਿੰਘ, ਬਾਬਾ ਇੰਦਰਪਾਲ ਸਿੰਘ ਦੇਵੀਵਾਲਾ, ਬਲਵਿੰਦਰ ਸਿੰਘ ਪਰਵਾਨਾ, ਸਤਨਾਮ ਸਿੰਘ ਬੁੱਕਣ ਵਾਲਾ, ਜਸਪਾਲ ਸਿੰਘ ਕੋਟਲਾ, ਢਾਡੀ ਜਸਪਾਲ ਸਿੰਘ ਉਦਾਸੀ, ਭਾਈ ਸਤਨਾਮ ਸਿੰਘ ਨਾਨਕਸਰ (ਮਹਿਕ ਵਤਨ ਦੀ ਲਾਈਵ ਟੀ.ਵੀ.), ਜਗਤਾਰ ਸਿੰਘ ਪਰਮਲ, ਕਵੀਸ਼ਰ ਅਵਤਾਰ ਸਿੰਘ ਸਾਹੋਕੇ, ਮੱਖਣ ਸਿੰਘ ਰਾਮੇਆਣਾ, ਜਸਕਰਨ ਰਾਮੇਆਣਾ, ਕਰਮ ਸਿੰਘ ਮਖੂ, ਜਸਵੀਰ ਸਿੰਘ ਸੇਖਾ, ਢਾਡੀ ਜਸਵੰਤ ਸਿੰਘ ਦੀਵਾਨਾ, ਗਾਇਕ ਸਤਪਾਲ ਕਿੰਗਰਾ, ਕੁਲਵੀਰ ਗੋਗੀ, ਪ੍ਰਭਜੋਤ ਸਿੰਘ ਵਾਂਦਰ, ਸੁਖਪਾਲ ਸਿੰਘ ਵਾਂਦਰ, ਗੁਰਜੰਟ ਸਿੰਘ ਦੁੱਗਾਂ, ਢਾਡੀ ਗੁਲਾਬ ਸਿੰਘ ਫਰੀਦਕੋਟ, ਭਾਈ ਗੁਰਭੇਜ ਸਿੰਘ ਫਰੀਦਕੋਟ, ਡਾ. ਸੁਖਚੈਨ ਸਿੰਘ ਬਲਾਕ ਪ੍ਰਧਾਨ ਮੈਡੀਕਲ ਪ੍ਰੈਕਟੀਸ਼ਨਰਜ਼ ਆਦਿ ਨੇ ਢਾਡੀ ਗਿਆਨੀ ਸਾਧੂ ਸਿੰਘ ਧੰਮੂ ਦੀ ਅੰਤਿਮ ਅਰਦਾਸ ਵਿੱਚ ਹਾਜ਼ਰੀ ਭਰੀ।







ਇਹ ਸਾਰਾ ਪ੍ਰੋਗਰਾਮ ਮੁੱਖ ਤੌਰ ਤੇ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ..ਅਤੇ ਸਿੱਖ ਇਜ਼ਮ ਚੈਨਲ ਤੋਂ ਲਾਈਵ ਟੈਲੀਕਾਸਟ ਕੀਤਾ ਗਿਆ। ਸਾਊਂਡ ਦੀ ਸੇਵਾ ਸੰਧੂ ਸਾਊਂਡ ਸਰਵਿਸ ਵੱਲੋਂ ਬਾਖ਼ੂਬੀ ਨਿਭਾਈ ਗਈ। ਅੰਤ ਵਿੱਚ ਪ੍ਰਸਿੱਧ ਢਾਡੀ ਮਲਕੀਤ ਸਿੰਘ ਪੰਖੇਰੂ ਲੋਹਗੜ੍ਹ ਵਾਲਿਆਂ ਆਈਆਂ ਹੋਈਆਂ ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਅਤੇ ਪ੍ਰੀਵਾਰ ਨੂੰ ਆਰਥਿਕ ਮੱਦਦ ਦੇਣ ਲਈ ਸਭ ਨੂੰ ਬੇਨਤੀ ਕੀਤੀ ਗਈ।



## ਘੰਟਾ ਘਰ ਚੌਂਕ ਜ਼ੀਰਾ 'ਚ ਸਿਰਸਾ ਡੇਰਾ ਮੁਖੀ ਦਾ ਪੁਤਲਾ ਫੂਕਿਆ
## ਡੇਰਾ ਮੁਖੀ ਦੀ ਪੈਰੋਲ ਰੱਦ ਕਰਨ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ





**ਜ਼ੀਰਾ** - ਜ਼ੀਰਾ ਦੇ ਘੰਟਾ ਘਰ ਚੌਂਕ ਵਿਖੇ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਦਿੱਤੀ ਗਈ 21 ਦਿਨਾਂ ਦੀ ਪੈਰੋਲ ਦੇ ਵਿਰੁੱਧ ਇਸ ਡੇਰਾ ਮੁਖੀ ਦਾ ਪੁਤਲਾ ਫੂਕਿਆ ਗਿਆ। ਇਸ ਦੌਰਾਨ ਵੱਖ-ਵੱਖ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੌਦਾ ਸਾਧ ਜੋ ਕਿ ਵੱਖ-ਵੱਖ ਕੇਸਾਂ ਜਿਨ੍ਹਾਂ ਵਿਚ ਕਤਲ, ਬਲਾਤਕਾਰ ਅਤੇ ਕਈ ਹੋਰ ਮਨੁੱਖੀ ਗਲਤ ਵਤੀਰੇ ਸਬੰਧੀ ਕੇਸ ਚੱਲ ਰਹੇ ਹਨ ਵਿਚ ਸਜ਼ਾ ਭੁਗਤ ਰਿਹਾ ਹੈ। ਦੂਸਰੇ ਪਾਸੇ ਇਸ ਸਾਧ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੀ ਪੁਸ਼ਾਕ ਪਹਿਨ ਕੇ ਅੰਮ੍ਰਿਤ ਛਕਾਉਣ ਦੀ ਨਕਲ ਕਰਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾ ਕੇ ਸਿੱਖ ਕੌਮ ਦੇ ਵੀ ਹਿਰਦੇ ਵਲੂੰਧਰੇ ਹਨ। ਉਨ੍ਹਾਂ ਕਿਹਾ ਕਿ ਹੁਣ ਇਸ ਝੂਠੇ ਸਾਧ ਨੂੰ ਭਾਰਤ ਦੇ ਸੰਵਿਧਾਨ ਅਤੇ ਕਾਨੂੰਨ ਛਿੱਕੇ ਟੰਗ ਕੇ ਗਲਤ ਤਰੀਕੇ ਨਾਲ ਪੈਰੋਲ ਦਿੱਤੀ ਗਈ ਹੈ ਜਿਸ ਕਰਕੇ ਸਿੱਖ ਕੌਮ ਅੰਦਰ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੈਦੀ ਜੋ ਕਿ ਲੰਬੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਹਨ ਅਤੇ ਤਿੰਨ-ਤਿੰਨ ਉਮਰ ਕੈਦਾਂ ਕੱਟ ਚੁੱਕੇ ਹਨ ਨੂੰ ਰਿਹਾਅ ਕਰਨਾ ਤਾਂ ਦੂਰ ਅਜੇ ਤੱਕ ਕਿਸੇ ਸਿੱਖ ਨੂੰ ਪੈਰੋਲ ਵੀ ਨਹੀਂ ਦਿੱਤੀ ਗਈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਸ ਦੇਸ਼ ਵਿਚ ਘੱਟ ਗਿਣਤੀ ਸਿੱਖ ਕੌਮ ਨਾਲ ਬੇਇਨਸਾਫ਼ੀ ਹੋ ਰਹੀ ਹੈ। ਇਸ ਮੌਕੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੇ ਹੱਕ ਵਿਚ, ਸਿਰਸਾ ਡੇਰਾ ਮੁਖੀ ਅਤੇ ਕੇਂਦਰ ਸਰਕਾਰ ਦੇ ਖਿਲਾਫ਼ ਹਾਜ਼ਰ ਇਕੱਠ ਵੱਲੋਂ ਜ਼ਬਰਦਸਤ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਮੌਕੇ ਨਾਇਬ ਤਹਿਸੀਲਦਾਰ ਵਿਨੋਦ ਕੁਮਾਰ ਸਿੱਖ ਜਥੇਬੰਦੀਆਂ ਕੋਲ ਪਹੁੰਚੇ ਅਤੇ ਉਨ੍ਹਾਂ ਨੂੰ ਆਗੂਆਂ ਵੱਲੋਂ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਸੰਤ ਬਾਬਾ ਰੇਸ਼ਮ ਸਿੰਘ ਖੁਖਰਾਣਾ, ਪੰਥ ਪ੍ਰਚਾਰਕ ਭਾਈ ਅਮਰੀਕ ਸਿੰਘ, ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਭਾਈ ਲਖਵੀਰ ਸਿੰਘ ਮਹਾਲਮ, ਜਗਦੀਪ ਸਿੰਘ ਭੁੱਲਰ, ਉੱਘੇ ਢਾਡੀ ਗੁਰਭਾਗ ਸਿੰਘ ਮਰੂੜ, ਸੁਖਦੇਵ ਸਿੰਘ ਮਹੀਆਂ ਵਾਲਾ, ਕੁਲਵੰਤ ਸਿੰਘ ਗਾਦੜੀਵਾਲਾ, ਮਾਸਟਰ ਸੁਖਵਿੰਦਰ ਸਿੰਘ ਮਨਸੂਰਦੇਵਾ, ਰਮਨਦੀਪ ਕੌਰ ਮੁਰਖਾਈ, ਸੁਖਚੈਨ ਸਿੰਘ ਸੁੱਖੇਵਾਲਾ, ਬਲਜਿੰਦਰ ਸਿੰਘ ਖੁਖਰਾਣਾ, ਹਰਪ੍ਰੀਤ ਸਿੰਘ ਮੁੱਦਕੀ ਅਤੇ ਗੁਰਸੇਵਕ ਸਿੰਘ ਸਲਿਹਾਣੀ ਆਦਿ ਵੱਡੀ ਗਿਣਤੀ ਵਿਚ ਹਾਜ਼ਰ ਸਨ।

Scanned with CamScanner

ਕਹਾਣੀ

# ਚੰਨ ਸੂਰਜ



ਗੁਰਮੇਲ ਸਿੰਘ ਬੌਂਡੇ

ਹਾੜ ਦੇ ਮਹੀਨੇ ਦੇ ਅੱਧ ਵਿਚ ਹੀ ਮੌਸਮ ਕੱਚਾ ਹੋ ਗਿਆ ਸੀ। ਕੁਝ ਦਿਨ ਪੁਰੇ ਦੀ ਵਾਅ ਵਗ ਕੇ ਬੱਦਲਵਾੜੀ ਹੋ ਕੇ ਮੀਂਹ ਪੈ ਜਾਂਦਾ ਸੀ। ਇਸ ਕਰਕੇ ਟਾਂਵੇ-ਟਾਂਵੇ ਫਲ੍ਹੇ ਚੱਲ ਰਹੇ ਸਨ। ਨੰਦ ਸਿੰਘ ਦੇ ਦੋ ਕੁ ਵਿਘਿਆਂ ਦੀ ਪੈਲੀ ਸੀ। ਚਾਰ ਛਿੱਟਾਂ ਪੈਣ ਕਾਰਨ ਗਿੱਲੀ ਹੋਈ ਪੈਲੀ ਨੂੰ ਉਲੱਦ ਪੁਲੱਦ ਕਰਦਿਆਂ ਕਈ ਵਾਰ ਫਲ੍ਹੇ ਦੇ ਕੰਡੇ ਵੀ ਪਿੰਜਣੀਆਂ ਤੇ ਪੱਛ ਲਾ ਜਾਂਦੇ ਸਨ। ਦੂਸਰੇ ਪਾਸੇ ਕੁੜੀ ਵਾਲਿਆਂ ਨੇ ਵੱਡੇ ਮੁੰਡੇ ਦਾ ਵਿਆਹ ਸਾਉਣ ਮਹੀਨੇ ਵਿਚ ਤਹਿ ਕਰ ਲਿਆ ਸੀ। ਇਸ ਕਰਕੇ ਵਿਆਹ ਦਾ ਸ਼ੀਦਾ, ਟੂੰਮ ਛੱਲਾ ਤੇ ਕੱਪੜਾ ਲੱਤਾ ਤੂੜੀ ਸਾਂਭ ਕੇ ਸ਼ਾਹੂਕਾਰ ਨਾਲ ਲੈਣ-ਦੇਣ ਕਰਕੇ ਹੀ ਸਾਰੇ ਸਾਹੇ ਦਾ ਕੰਮ ਸ਼ੁਰੂ ਕਰਨਾ ਸੀ।

ਘਰੇ ਆਂਢ-ਗੁਆਂਢ ਦੀਆਂ ਔਰਤਾਂ ਨੇ ਵਿਆਹ ਤੋਂ ਸਵਾ ਮਹੀਨਾ ਪਹਿਲਾਂ ਪੀਹਣ ਵਾਸਤੇ ਕਣਕ ਦੀ ਸਾਫ਼-ਸਫ਼ਾਈ ਤੇ ਸੰਦੂਕ ਖੋਹਲ ਕੇ ਲੈਣ ਦੇਣ ਵਾਲੇ ਸੂਟਾਂ ਦਾ ਘਰੋਂ ਭੰਨ ਘੜ ਕਰਨਾ ਸ਼ੁਰੂ ਕਰ ਦਿੱਤਾ ਸੀ। ਵਿਆਹਾਂ ਸ਼ਾਦੀਆਂ ਤੇ ਭੂਆ-ਫੁੱਫੀਆਂ ਜਾਂ ਮਾਮੇ, ਮਾਸੜਾਂ, ਮਾਮੀਆਂ, ਮਾਸੀਆਂ ਦੇ ਸੂਟ ਕਿਹੜਾ ਸਿਲਵਾ ਕੇ ਪਾਏ ਜਾਂਦੇ ਹਨ। ਬੱਸ ਇਸੇ ਤਰ੍ਹਾਂ ਰੱਦੋ ਬਦਲ ਕਰਕੇ ਅਗਾਂਹ-ਪਿਛਾਂਹ ਧੱਕ ਕੇ ਬੁੱਤਾ ਸਾਰ ਲਿਆ ਜਾਂਦਾ ਹੈ। ਇਹ ਖਿਆਲ ਆਉਂਦਿਆਂ ਹੀ ਨੰਦ ਸਿੰਘ ਦੇ ਚਿਹਰੇ ਤੇ ਮੁਸਕਰਾਹਟ ਜਿਹੀ ਆਈ। ਉਸ ਵੱਡੇ ਪੁੱਤਰ ਵੱਲ ਦੇਖਿਆ ਜੋ ਕਣਕ ਦੀ ਪਾਈ ਪੈਰੀਂ ਫਰੋਲਦਿਆਂ ਮਿੱਟੀ ਘੱਟੇ ਨਾਲ ਅੱਟਿਆ ਪਿਆ ਸੀ ਤੇ ਤੇੜ ਖੱਦਰ ਦੇ ਕੁੜਤੇ ਵਿੱਚੋਂ ਪਸੀਨੇ ਦੀ ਗੰਧ ਆ ਰਹੀ ਸੀ। ਜੋ ਹੁੰਮਸ ਵਿਚ ਹੋਰ ਵੀ ਤੇਜ਼ ਹੋ ਗਈ ਸੀ। ਇਹ ਦੇਖ ਕੇ ਉਸ ਪੁੱਛਿਆ "ਪੁੱਤ ਵਿਆਹ ਵਾਸਤੇ ਕੇਹੋ ਜੇਹਾ ਸੂਟ ਲੈਣਾ ਹੈ?"

"ਬਾਪੂ ਜੀ ਬੋਸਕੀ ਦਾ ਸੂਟ ਤੇ ਡੱਬੀਦਾਰ ਚਾਦਰਾ ਲੈ ਦੇਵੀਂ ਜਾਂ ਕੁੜਤਾ ਪਜਾਮਾਂ ਬਣਾ ਦੇਵੀਂ। ਪਰ ਆਵਦੇ ਬਾਰੇ ਤੇ ਬੇਬੇ ਬਾਰੇ ਕੰਜੂਸੀ ਨਾਂ ਕਰੀਂ ਦੋ ਛਿੱਲੜ ਹੋਰ ਲੱਗ ਜਾਣਗੇ" ਉਸ ਦੇ ਪੁੱਤਰ ਛੱਤੇ ਨੂੰ ਆਪਣੇ ਨਾਲੋਂ ਬਾਪੂ ਬੇਬੇ ਦਾ ਫ਼ਿਕਰ ਵੱਧ ਸੀ।

"ਕੋਈ ਗੱਲ ਨੀਂ ਪੁੱਤ ਸ਼ਾਹ ਨਾਲ ਹਾੜੀ ਦ੍ਰਾ ਹਿਸਾਬ ਕਿਤਾਬ ਕਰਕੇ ਆਪਣਾ ਵਿੱਤ ਦੇਖਾਂਗੇ ਕਿ ਕਿੰਨੀ ਕੁ ਪ੍ਰੋਖੋਂ ਹੈ।" ਨੰਦ ਸਿੰਘ ਨੇ ਅੱਖਾਂ ਮੁੰਦ ਕੇ ਉਂਗਲਾਂ ਭੰਨਦਿਆਂ ਕਿਹਾ।

ਦੋ-ਚਾਰ ਦਿਨਾਂ ਬਾਅਦ ਪੰਜ ਦਸ ਧੜੀਆਂ ਦਾਣੇ ਤੇ ਚਾਰ ਕੁ ਪੰਡਾਂ ਤੂੜੀ ਦੀਆਂ ਢੋਅ ਕੇ ਉਹ ਇਸ ਪਾਸਿਓਂ ਵੇਹਲੇ ਹੋ ਗਏ। ਉਹ ਚਾਹੁੰਦੇ ਸਨ ਕਿ ਵੱਤਰ ਦੇਖ ਕੇ ਮੱਕੀ, ਕਪਾਹ, ਬਾਜਰੇ ਅਤੇ ਗੁਆਰੇ ਦੀ ਫਸਲ ਬੀਜ ਕੇ ਰੱਸੇ ਪੈੜੇ ਲਈ ਦੋ-ਚਾਰ ਸਿਆੜ ਸਣ ਦੇ ਵੀ ਕੱਢ ਦੇਣ। ਮੀਂਹ ਪੈਣ ਨਾਲ ਖੂਹ ਦੀ ਵਾਰੀ ਦਾ ਵੀ ਕੋਈ ਝਮੇਲਾ ਨਹੀਂ ਸੀ। ਹਾੜ ਮਹੀਨੇ ਆਏ ਮੀਹਾਂ ਨੇ ਜਿੱਥੇ ਕਣਕ ਦੀ ਗਹਾਈ ਦੇ ਕੰਮ ਵਿਚ ਭੰਗਣਾਂ ਪਾਈ ਉਥੇ ਸਾਉਣੀ ਲਈ ਵਾਹਣ ਵੀ ਤਰ ਕਰ ਦਿੱਤੇ ਸਨ। ਜੋ ਵੱਤਰ ਤੇ ਸਨ।

ਛੋਟੇ ਕਿਸਾਨਾਂ ਦੇ ਕਾਹਦੇ ਵਿਆਹ ਵੱਡੇ ਤੜਕੇ ਹੱਲ ਜੋੜ ਲਿਆ ਜੋਤੇ ਵੇਲੇ ਵਿਘਾ ਖੇਤ ਵਾਹ ਲਿਆ। ਬਲਦਾਂ ਨੂੰ ਅਰਾਮ ਦੇਣ ਲਈ ਵੱਟਾਂ ਘੜਨ ਲੱਗ ਪਏ ਜਾਂ ਪੱਠੇ ਵੱਢ ਲਏ ਕੋਈ ਨਾਂ ਕੋਈ ਕੰਮ ਮੂਹਰੇ ਖੜ੍ਹਾ ਹੁੰਦਾ ਸੀ। ਅਕਸਰ ਬੀਜੀ ਫਸਲ ਵਾਲੇ ਖੇਤ ਵਿਚ ਜਿੰਦਰਾ ਫੜ ਕੇ ਵੱਟਾਂ ਪਾ ਕੇ ਤਿੱਖੜ ਦੁਪਹਿਰਾ ਵੀ ਲੰਘ ਜਾਂਦਾ ਸੀ। ਇਹ ਕੰਮ ਕਰਦਿਆਂ ਭਾਵੇਂ ਥਕੇਵਾਂ ਹੋ ਜਾਂਦਾ ਸੀ।

ਰਾਤ ਨੂੰ ਘਰੇ ਕੁੜੀਆਂ ਚਿੜੀਆਂ ਦੇ ਗੀਤਾਂ, ਲੰਬੀ ਹੇਕ ਵਾਲੇ ਅਸਮਾਨ ਦੀ ਧੁੰਨੀ ਲੰਗਾਰ ਕਰਦੇ ਮੋਹ ਭਿੱਜੇ ਗੀਤ, ਰੀਝਾਂ, ਉਮੰਗਾਂ ਦੇ ਵਲਵਲੇ ਸਾਰਾ ਥਕੇਵਾਂ ਲਾਹ ਦਿੰਦੇ। ਛੱਤੇ ਦੇ ਚਿਹਰੇ ਤੇ ਤਾਂ ਵਿਆਹ ਦਾ ਚਾਅ ਸਰੋਂ ਦੇ ਤੇਲ ਦੀਵੇ ਵਰਗੀ ਸੰਧੂਰੀ ਲਾਲੀ ਘੋਲੀ ਰੱਖਦਾ ਸੀ। ਉਹ ਭੱਜ-ਭੱਜ ਕੇ ਕੰਮ ਕਰਦਾ। ਦਿਨੇ ਛੱਤੇ ਦੀ ਮਾਂ ਕਿਸੇ ਕੰਮ ਵਾਲੀ ਨੂੰ ਨਾ ਲਗਾ ਕੇ ਕੋਠੇ ਲਿਪਦੀ, ਪਰੋਲੇ ਫੇਰਦੀ, ਰੀਝਾਂ ਵਰਗੇ ਰੰਗ ਬਰੰਗੇ ਫੁੱਲਾਂ ਦੀਆਂ ਤੋਈਆਂ ਕੱਢਦੀ। ਚੁੱਲੇ ਚੌਂਕੇ ਦੀ ਕੰਧੋਲੀ ਵਿਚ ਰੰਗ ਬਰੰਗੇ ਪਾਣੀ ਦੀਆਂ ਬੋਤਲਾਂ ਨਾਲ ਸਜਾਵਟ ਕਰਦੀ। ਜਦ ਮਨ ਵਿਚ ਪੁੱਤ ਦੇ ਵਿਆਹ ਦਾ ਚਾਅ ਹੁੱਝਾਂ ਮਾਰਦਾ ਤਾਂ ਸੰਦੂਕ ਵਿੱਚੋਂ ਵਹੁਟੀ ਤੇ ਦੇਣ ਵਾਲੀ ਫੁਲਕਾਰੀ ਤੇ ਆਪਣੀਆਂ ਉਂਗਲਾਂ ਦੇ ਪੋਟਿਆਂ ਨਾਲ ਸਹਿਲਾਉਂਦੀ ਸਹਿਲਾਉਂਦੀ ਕਲਪਨਾ ਦੇ ਖੰਭਾਂ ਤੇ ਉਡਾਰੀ ਮਾਰ ਕੇ ਆਪਣੀ ਅੱਲੜ ਉਮਰ ਵਿਚ ਪਹੁੰਚ ਜਾਂਦੀ। ਜਦ ਉਸ ਨੇ ਇਹਨਾਂ ਰੀਝਾਂ ਉਮੰਗਾਂ ਦੇ ਫੁੱਲ ਬੁਣੇ ਸਨ।

ਵਿਆਹ ਦੇ ਨੇੜੇ ਆ ਰਹੇ ਦਿਨਾਂ ਨੂੰ ਦੇਖਦਿਆਂ ਨੰਦ ਸਿੰਘ ਤੇ ਹਰਕੁਰ ਨੇ ਆਪਣੇ ਪੁੱਤਰ ਨਛੱਤਰ (ਛੱਤੇ) ਦੇ ਪਲੇਠੇ ਵਿਆਹ ਤੇ ਲਾਗੀ ਹੱਥ ਕਾਗ਼ਜ਼ ਤੇ ਦਿਨ-ਮਹੀਨਾ ਲਿਖ ਕੇ ਹਲਦੀ ਲਗਾ ਕੇ ਗੰਢਾ (ਸੱਦਾ ਪੱਤਰ) ਭੇਜੇ। ਸ਼ਾਮ ਨੂੰ ਆ ਕੇ ਲਾਗੀ ਜਿੰਨਾਂ-ਜਿੰਨਾਂ ਰਿਸ਼ਤੇਦਾਰੀਆਂ 'ਚ ਗਿਆ। ਉਹਨਾਂ ਵੱਲੋਂ ਲਾਗ, ਟੋਟੇ, ਖੇਸ ਦੇ ਕੇ ਕੀਤੇ ਮਾਣ-ਸਨਮਾਨ ਨੂੰ ਘਰ ਆ ਕੇ ਦਿਖਾਉਂਦਾ। ਵਿਆਹ ਦਾ ਸ਼ੀਹਦਾ ਸ਼ਾਹੂਕਾਰ ਤੋਂ ਚੁੱਕ ਲਿਆ। ਬਜਾਜੀ ਵਾਲੀ ਦੁਕਾਨ ਤੋਂ ਵਰੀ ਬਣਾ ਸਿਰ ਤੇ ਕੱਪੜਿਆਂ ਦੀ ਪੰਡ ਰੱਖ ਦੋਵੇਂ ਜੀ ਘਰ ਪਹੁੰਚੇ। ਲੱਡੂ, ਜਲੇਬੀਆਂ, ਸ਼ੀਰਨੀ, ਪਕੌੜੀਆਂ, ਸ਼ਕਰਪਾਰੇ ਬਣਾਉਣ ਲਈ ਘਰ ਦਾ ਜੋੜਿਆ ਦੇਸੀ ਘਿਓ ਕੰਮ ਆ ਗਿਆ। ਇਹ ਹਰਕੁਰ ਦੀ ਬਰਕਤ ਸੀ। ਨਹੀਂ ਤਾਂ ਪਿੰਡ ਵਾਲਿਆਂ ਨੂੰ ਜੇ ਪਤਾ ਲੱਗ ਜਾਂਦਾ ਕਿ ਮਠਿਆਈ ਦਸੌਰੀ (ਡਾਲਡਾ) ਘਿਓ ਦੀ ਬਣੀ ਹੈ ਤਾਂ ਪਿੰਡ ਵਿਚ ਛੱਜ ਵਿਚ ਪਾ ਕੇ ਛੱਟਦੇ ਤੇ ਮਠਿਆਈ ਨਾਂ ਖਾਂਦੇ। ਇਹ ਇਸ ਕਰਕੇ ਜ਼ਰੂਰੀ ਸੀ ਕਿ ਪਿੰਡ ਵਾਲੇ ਪਾਂਜਾ ਦਾਸਾ ਨਿਉਂਦਾ ਪਾਉਂਦੇ ਸਨ। ਜਿਸ ਨਾਲ ਵਿਆਹ ਤੇ ਹੋਏ ਖਰਚੇ ਵਿਚ ਮੱਦਦ ਮਿਲ ਜਾਂਦੀ ਸੀ। ਦਸੌਰੀ ਘਿਓ ਦਾ ਪਤਾ ਲੱਗਣ ਤੇ ਪਿੰਡ ਵਾਲੇ ਘੱਟ ਆਉਂਦੇ ਜੇ ਆਉਂਦੇ ਤਾਂ ਬੁਰਕੀ ਸੁੱਟਣ ਵਾਂਗ ਬਿਨਾਂ ਬੈਠੇ ਨਿਉਂਦਾ ਪਾ ਕੇ ਮੁੜ ਜਾਂਦੇ ਤੇ ਸਾਰੇ ਪਿੰਡ ਵਿਚ ਮਠਿਆਈ ਤੇ ਕੀਤੀ ਕੰਜੂਸੀ ਤੇ ਤੋਇ ਤੋਇ ਹੁੰਦੀ।

ਵਹੁਟੀ ਵਾਸਤੇ ਹਜ਼ਾਰ ਕੁ ਰੁਪਏ ਦੀਆਂ ਵੀਹ ਤੋਲੇ ਦੀਆਂ ਟੂਮਾਂ ਬਣਵਾ ਲਈਆਂ ਸਨ। ਨੰਦ ਸਿੰਘ ਦੀ ਸਾਰੇ ਪਿੰਡ ਵਿਚ ਧਨ ਧਨ ਸੀ। ਕਾਗ਼ਜ਼ ਦੀਆਂ ਰੰਗ-ਬਰੰਗੀਆਂ ਝੰਡੀਆਂ ਰੱਸੀ ਨਾਲ ਬੰਨ੍ਹ ਕੇ ਵੇਹੜੇ 'ਚ ਬੁਣਿਆ ਜਾਲ ਅਸੰਖਾਂ ਹੀ ਰੀਝਾਂ ਤੇ ਖੁਸ਼ੀਆਂ ਦਾ ਪ੍ਰਗਟਾਵਾ ਕਰਦਾ ਸੀ। ਹਰ ਕੋਈ ਇਹਨਾਂ ਦੇ ਹੇਠਾਂ ਦੀ ਲੰਘਣ ਵਾਲੇ ਉੱਪਰ ਵੱਲ ਮੂੰਹ ਕਰਕੇ ਨੀਝ ਲਾ ਲਾ ਕੇ ਤੱਕਦੇ। ਕਨਾਤਾਂ ਤੇ ਚਾਨਣੀਆਂ ਦੇ ਲਾਲ, ਹਰੇ, ਪੀਲੇ, ਨੀਲੇ ਰੰਗਾਂ ਦੇ ਕੱਪੜੇ ਨੇ ਕੱਚੇ ਕੋਠਿਆਂ ਨੂੰ ਵੀ ਮਹਿਲ ਬਣਾ ਦਿੱਤਾ ਸੀ। ਸਪੀਕਰ ਵਾਲੇ ਨੇ ਕੁਝ ਧਾਰਮਿਕ ਗੀਤ ਵਜਾ ਕੇ ਵੱਖ ਕਿੱਸਿਆਂ ਦੇ ਰਿਕਾਰਡ ਵਜਾਉਣੇ ਸ਼ੁਰੂ ਕਰ ਦਿੱਤੇ ਸਨ।

ਲਾਗੀ ਨੇ ਸਾਰੇ ਬਰਾਤੀਆਂ ਦੇ ਘਰ, ਘਰ ਜਾ ਕੇ ਸੁਨੇਹਾ ਦੇ ਦਿੱਤਾ ਸੀ। ਜੰਞ ਨੇ ਤਿੰਨ ਦਿਨ ਰਹਿਣਾ ਸੀ। ਸਭ ਨੇ ਆਪਣੀਆਂ ਘੋੜੀਆਂ, ਊਠ ਅਤੇ ਗੱਡੇ ਸ਼ਿੰਗਾਰ ਲਏ ਸਨ। ਵਿਆਹੁਲੇ ਮੁੰਡੇ ਲਈ ਮਿਸਤਰੀ ਨੂੰ ਰਥ ਵਾਸਤੇ ਕਹਿ ਦਿੱਤਾ ਸੀ। ਵਿਆਹ ਵਾਲੇ ਦਿਨ ਰੰਗ ਬਰੰਗੀਆਂ ਤੁਰਲੇ ਵਾਲੀਆਂ ਪੱਗਾਂ ਦੇ ਖੜ੍ਹੇ ਟੌਅਰੇ, ਬੋਤਿਆਂ ਦੀਆਂ ਸ਼ਿੰਗਾਰੀਆਂ ਕਾਠੀਆਂ, ਮੁਹਾਰਾਂ, ਘੰਮਰੂ ਤੇ ਘੋੜੀਆਂ ਦੇ ਘੁੰਮਰੂ, ਬਲਦਾ ਦੇ ਗਲਾਂ ਵਿਚ ਟੱਲੀਆਂ ਪਿੰਡ ਦੀ ਸਾਰੀ ਫਿਜ਼ਾ ਵਿਚ ਸੰਗੀਤਕ ਸੁਰਾਂ ਬਖੇਰ ਰਹੀਆਂ ਸਨ। ਨੰਦ ਸਿੰਘ ਨੇ ਹਰ ਰਿਸ਼ਤੇਦਾਰ ਨੂੰ ਰੁਤਬੇ ਅਨੁਸਾਰ ਸਭ ਨੂੰ ਬਣਦਾ ਮਾਣ ਦਿੱਤਾ। ਦੁਪਹਿਰ ਕੁ ਵੇਲੇ ਤੋਂ ਕਾਫੀ ਪਹਿਲਾਂ ਨਛੱਤਰ ਸਿੰਘ ਦੀ ਗੁਲਾਬੀ ਪੱਗ ਤੇ ਸੇਹਰੇ ਬੰਨ੍ਹ ਕੇ, ਫੁਲਕਾਰੀ ਤਾਣ ਕੇ ਕੁੜੀਆਂ ਵੱਲੋਂ

**ਏਹਨਾਂ ਰਾਹਾਂ ਦਾ ਰੇਤਾ ਖੰਡ ਬਣਿਆ**
**ਜਿੰਨੀ ਰਾਹੀਂ ਮੇਰਾ ਵੀਰ ਜੰਞ ਚੜਿਆ।**

ਦੇ ਸੁਰ ਬਿਖੇਰਦੀਆਂ ਗੁਰਦੁਆਰੇ ਪਹੁੰਚੀਆਂ। ਸਤਿਕਾਰ ਸਾਹਿਤ ਸਭ ਨੇ ਮੱਥਾ ਟੇਕਿਆ। ਨਛੱਤਰ ਨੇ ਫਿਰ ਜੰਡੀ ਵੱਢਣ ਦੀ ਰਸਮ ਕੀਤੀ। ਰੱਥ ਵਿਚ ਬੈਠਿਆ। ਹਰਕੁਰ ਨੇ ਰੱਥ ਦੇ ਪਹੀਆਂ ਤੇ ਪਾਣੀ ਪਾਇਆ। ਹੱਥ ਜੋੜ ਕੇ ਸਭ ਦੀ ਸਲਾਮਤੀ ਲਈ ਅਰਦਾਸ ਕੀਤੀ। ਰੱਥ ਦੇ ਮਗਰ ਘੋੜੇ, ਘੋੜੀਆਂ, ਊਠਾਂ ਤੇ ਗੱਡਿਆਂ ਦਾ ਕਾਫਲਾ ਸਰਕਿਆ। ਦਿਨ ਛਿਪਣ ਤੋਂ ਪਹਿਲਾਂ ਬਰਾਤ ਨੇ ਸਹੁਰੇ ਪਿੰਡ ਪਹੁੰਚ ਜਾਣਾ ਸੀ।

ਸਾਉਣ ਦੇ ਮਹੀਨੇ ਦੀ ਹਵਾ ਹੁਣ ਠੰਢੀ ਠੰਢੀ ਹੋ ਗਈ ਸੀ। ਸੂਰਜ ਸ਼ਾਮ ਦੀ ਅਲਵਿਦਾ ਕਹਿ ਰਿਹਾ ਸੀ ਜਦ ਬਰਾਤ ਨਛੱਤਰ ਸਿੰਘ ਦੇ ਸਹੁਰਾ ਪਿੰਡ ਪੁੱਜੀ। ਪਿੰਡ ਦੇ ਪਤਵੰਤਿਆਂ ਨੇ ਪਿੰਡ ਦੇ ਬਾਹਰਵਾਰ ਆ ਕੇ ਸੁਆਗਤ ਕੀਤਾ ਅਤੇ ਮਿਲਣੀ ਉਪਰੰਤ ਪਤਵੰਤੇ ਤੇ ਮੋਹਤਵਰ ਬੰਦੇ ਬਰਾਤ ਨੂੰ ਧਰਮਸ਼ਾਲਾ ਵਿਚ ਲੈ ਆਏ। ਪਿੰਡ ਦੇ ਨੌਜਵਾਨਾਂ ਨੇ ਹਰ ਬਰਾਤੀ ਤੋਂ ਉਹਨਾਂ ਦੇ ਘੋੜੇ, ਘੋੜੀਆਂ, ਊਠ ਤੇ ਬਲਦ ਗੱਡੇ ਫੜੇ ਤੇ ਆਪੋ ਆਪਣੇ ਘਰ ਲੈ ਗਏ। ਜਿੰਨੇ ਦਿਨ ਬਰਾਤ ਨੇ ਰੁਕਣਾ ਸੀ ਓਨੇ ਦਿਨ ਬਰਾਤ ਦੇ ਇਹਨਾਂ ਪਸ਼ੂਆਂ ਦੀ ਵੀ ਟਹਿਲ ਸੇਵਾ ਕਰਨੀ ਸੀ। ਜਦ ਸਾਰੀ ਬਰਾਤ ਧਰਮਸ਼ਾਲਾ ਵਿਚ ਬੈਠ ਗਈ ਤਾਂ ਪਿੰਡ ਦੇ ਨੌਜਵਾਨ ਪਰੀਹੇ ਚਾਹ ਦੀਆਂ ਵਲਟੋਹੀਆਂ ਅਤੇ ਪਿੱਤਲ ਦੇ ਗਲਾਸਾਂ ਨਾਲ ਲੱਡੂਆਂ ਦੇ ਟੋਕਰੇ ਵੀ ਲੈ ਆਏ। ਲੌਂਗ ਇਲਾਇਚੀਆਂ ਤੇ ਪੱਕੇ ਮਿੱਠੇ ਦੀ ਖੰਡ ਦੀ ਚਾਹ ਦੀ ਮਹਿਕ ਨੇ ਸਾਰੇ ਬਰਾਤੀਆਂ ਦੀਆਂ ਨਾਸਾਂ ਫਰਕਣ ਲਗਾ ਦਿੱਤੀਆਂ। ਉਹਨਾਂ ਪਲਾਂ ਵਿਚ ਹੀ ਸਾਰੇ ਬਰਾਤੀਆਂ ਨੂੰ ਚਾਹ ਅਤੇ ਚਾਰ ਪੰਜ ਬਰਾਤੀਆਂ ਅੱਗੇ ਲੱਡੂਆਂ ਦੇ ਥਾਲ ਟਿਕਾ ਦਿੱਤੇ। ਕੁੱਝ ਸਮੇਂ ਬਾਅਦ ਸ਼ਾਮ ਦੀ ਖਾਮੋਸ਼ੀ ਨੂੰ ਸਪੀਕਰ ਦੇ ਵੱਜਦੇ ਗੀਤਾਂ ਨੇ ਪਿੰਡ ਦੀ ਖਾਮੋਸ਼ੀ ਨੂੰ ਭੰਗ ਕੀਤਾ।

ਚਾਹ ਪੀ ਕੇ ਬਰਾਤੀਆਂ ਦੇ ਸਫ਼ਰ ਦਾ ਥਕੇਵਾਂ ਲਹਿ ਗਿਆ। ਚਾਹ ਪਾਣੀ ਤੋਂ ਬਾਅਦ ਪਿੰਡ ਦੇ ਨੌਜਵਾਨਾਂ ਨੇ ਧਰਮਸ਼ਾਲਾ ਦੀ ਖੂਹੀ 'ਚੋਂ ਲੱਜ ਅਤੇ ਡੋਲ ਨਾਲ ਪਾਣੀ ਕੱਢ ਕੇ ਕੜਾਹੇ ਭਰ ਦਿੱਤੇ। ਬਹੁਤੇ ਬਰਾਤੀ ਥਕੇਵਾਂ ਲਾਹੁਣ ਲਈ ਲਾਲ ਰੰਗ ਦੀਆਂ ਮਹਿਕਾਂ ਛੱਡਦੀਆਂ ਸਾਬਣ ਦੀਆਂ ਟਿੱਕੀਆਂ ਸਰੀਰਾਂ ਤੇ ਘਸਾ ਕੇ ਝੱਗੋ ਝੱਗ ਹੋ ਕੇ ਨਹਾ ਰਹੇ ਸਨ।

ਹੁਣ ਮੂੰਹ ਹਨ੍ਹੇਰਾ ਹੋ ਚੁੱਕਾ ਸੀ। ਧਰਮਸ਼ਾਲਾ ਵਿਚ ਗੈਸ ਲੈਂਪਾਂ ਨੇ ਦੂਧੀਆ ਚਾਨਣ ਬਖੇਰ ਦਿੱਤਾ। ਸਾਰੇ ਬਰਾਤੀ ਨੰਦ ਸਿਹੁੰ ਦੇ ਕੁੜਮਾਂ ਦੀ ਖਾਤਰਦਾਰੀ ਦੀ ਵਾਹ ਵਾਹ ਕਰ ਰਹੇ ਸਨ। ਰਾਤ ਵੇਲੇ ਬਰਾਤ ਨੂੰ ਰੋਟੀ ਦਾ ਸੱਦਾ ਆਇਆ। ਉਸ ਸਮੇਂ ਅਨੰਦ ਕਾਰਜ ਹੋਣ ਤੱਕ ਵਿਆਹੁਲੇ ਮੁੰਡੇ ਨੂੰ ਸੌਹਰੇ ਘਰ ਨਹੀਂ ਲਿਜਾਇਆ ਜਾਂਦਾ ਸੀ। ਸਗੋਂ ਲਾੜੇ, ਸਰਵਾਲੇ ਦੇ ਕੋਲ ਉਹਨਾਂ ਕੋਲ ਬੈਠੇ ਪੰਜ-ਸੱਤ ਦੋਸਤਾਂ ਦੀ ਰੋਟੀ ਧਰਮਸ਼ਾਲਾ ਵਿਚ ਹੀ ਆਉਂਦੀ ਸੀ। ਜਦ ਬਰਾਤ ਰੋਟੀ ਖਾਣ ਲਈ ਤੁਰੀ ਤਾਂ ਬਰਾਤ ਦੇ ਕਾਫਲੇ ਨਾਲ ਕਰਮ-ਕਰਮ ਦੀ ਵਿੱਥ ਤੇ ਦੋਹਾਂ ਪਾਸਿਆਂ ਤੋਂ ਪਿੰਡ ਦੇ ਨੌਜਵਾਨ ਗੈਸ ਲੈਂਪ ਲੈ ਕੇ ਚੱਲ ਰਹੇ ਸਨ ਤਾਂ ਜੋ ਕਿਸੇ ਬਰਾਤੀ ਦਾ ਪੈਰ ਬੀਹੀ 'ਚ ਖੜ੍ਹੇ ਪਾਣੀ ਵਿਚ ਜਾਂ ਉੱਚੇ-ਨੀਵੇਂ ਥਾਂ ਤੋਂ ਠੇਡਾ ਨਾਂ ਵੱਜੇ। ਘਰ ਪਹੁੰਚੇ ਤਾਂ ਨੰਦ ਸਿੰਘ ਦੇ ਕੁੜਮਾਂ ਦੀ ਕਾਫੀ ਵੱਡੀ ਪੱਕੀ ਹਵੇਲੀ ਤੇ ਖੁੱਲ੍ਹੇ ਵਿਹੜੇ ਵਿਚ ਪਿੱਛੇ ਸਵਾਤਾਂ ਤੇ ਵਰਾਂਡੇ ਦੇਖ ਕੇ ਬਰਾਤੀਆਂ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ ਕਿ ਨੰਦ ਸਿੰਘ ਨੂੰ ਕੁੜਮ ਖਾਂਦੇ ਪੀਂਦੇ ਘਰ ਦੇ ਟੱਕਰੇ ਹਨ।

ਸਾਰੀ ਬਰਾਤ ਵਿਹੜੇ ਵਿਚ ਲੱਗੀਆਂ ਕਨਾਤਾਂ ਤੇ ਚਾਨਣੀ ਹੇਠ ਵਿਛਾਏ ਕੋਰਿਆਂ ਤੇ (ਸਕੂਲ ਦੇ ਟਾਟ ਵਾਂਗ ਹੇਠਾਂ ਕੋਈ ਨਰਮ ਚੀਜ਼ ਰੱਖ ਕੇ ਮੂਹੜਾ ਨੁਮਾ ਥਾਂ ਉਪਰ) ਬਿਠਾਇਆ ਗਿਆ। ਨੌਜਵਾਨ ਰੋਟੀ ਖਾਣ ਲਈ ਬੈਠ ਰਹੀ ਬਰਾਤ ਲਈ ਰੋਸ਼ਨੀ ਕਰਨ ਲਈ ਲੈਂਪ ਲਈ ਖੜ੍ਹੇ ਸੀ ਤੇ ਉਹਨਾਂ ਦੇ ਨਾਲ ਇਕ ਇਕ ਨੌਜਵਾਨ ਹੱਥਾਂ ਵਿਚ ਫੜੇ ਹੱਥਾਂ ਨਾਲ ਬੁਣੇ (ਪਰਾਂਤ ਜਿੱਡੇ) ਪੱਖੇ ਫੜ ਕੇ ਹੱਥਾਂ ਨਾਲ ਝੱਲ ਮਾਰਨ ਦੀ ਤਿਆਰੀ ਵਿਚ ਸਨ। ਬਰਾਤ ਅੱਗੇ ਥਾਲੀਆਂ 'ਚ ਲੱਡੂ, ਜਲੇਬੀਆਂ, ਰੋਟੀ, ਦਾਲ, ਸਬਜ਼ੀ, ਮੀਟ ਅਤੇ ਦੇਸੀ ਸ਼ਰਾਬ ਦੀਆਂ ਬੋਤਲਾਂ ਵੀ ਸਨ। ਕਈ ਬਹੁਤੇ ਕਾਹਲੇ ਰੋਟੀ ਤੋਂ ਪਹਿਲਾਂ ਇਕ ਦੋ ਤਕੜੇ ਪੈੱਗ ਪਿੱਤਲ ਦੇ ਗਲਾਸਾਂ ਵਿਚ ਪਾ ਕੇ ਘੁੱਟਾਂ ਭਰਨ ਲੱਗੇ। ਉਸੇ ਸਮੇਂ ਕੁੜੀਆਂ ਨੇ ਲੰਬੀ ਹੇਕ ਦੇ ਗੀਤ ਨਾਲ ਰੋਟੀ ਬੰਨ ਦਿੱਤੀ। ਬੰਨੀ ਹੋਈ ਰੋਟੀ ਕਿਸੇ ਛੰਦਾ-ਬੰਦੀ ਦੇ ਮਾਹਿਰ ਬਰਾਤੀ ਵੱਲੋਂ ਕੁੜੀਆਂ ਵੱਲੋਂ ਬੰਨੀ ਗਈ ਰੋਟੀ ਦੀ ਇਕ ਇਕ ਚੀਜ਼ (ਦਾਲ, ਸਬਜ਼ੀ, ਰੋਟੀ, ਲੱਡੂ, ਜਲੇਬੀਆਂ) ਆਦਿ ਛੁਡਾਉਣੇ ਪੈਂਦੇ ਸਨ ਜੋ ਇਕ ਤੇਜ਼ ਤਰਾਰ ਬਰਾਤੀ ਨੇ ਛੰਦਾ ਬੰਦੀ ਰਾਹੀਂ ਬੰਨੀ ਰੋਟੀ ਖੋਲ੍ਹ ਦਿੱਤੀ। ਬਰਾਤ ਨੇ ਰੋਟੀ ਖਾਧੀ ਤੇ ਵਾਪਸ ਧਰਮਸ਼ਾਲਾ ਵਿਚ ਆ ਕੇ ਮੰਜਿਆਂ ਤੇ ਅਰਾਮ ਕਰਨ ਲੱਗੀ। ਉਸ ਸਮੇਂ ਪਿੰਡ ਵਿਚ ਬਰਾਤ ਦੀ ਸੇਵਾ ਕਰਨ ਵਿਚ ਲੱਗੇ ਪਿੰਡ ਦੇ ਸ਼ਰੀਕੇ ਦੇ ਨੌਜਵਾਨ ਵਿਆਹ ਵਾਲੇ ਘਰ ਦਾ ਸਾਰਾ ਕੰਮ ਸਮੇਟ ਕੇ ਰੋਟੀ ਆਪਣੇ ਘਰ ਜਾ ਕੇ ਖਾਂਦੇ ਸਨ। ਧੀ-ਧਿਆਣੀ ਦੇ ਘਰੋਂ ਰੋਟੀ ਖਾਣਾ ਉਸ ਸਮੇਂ ਪਾਪ ਸਮਝਿਆ ਜਾਂਦਾ ਸੀ। ਦੂਸਰੇ ਪਾਸੇ ਜੇ ਦੀ ਦਾ ਬਾਪ ਧੀ ਨੂੰ ਦੀਵਾਲੀ, ਲੋਹੜੀ ਜਾਂ ਸੰਧਾਰਾ ਦੇਣ ਜਾਂਦਾ ਸੀ ਤਾਂ ਉਸ ਸਮੇਂ ਦੀ ਦਾ ਬਾਪ ਧੀ ਦੇ ਘਰ ਦਾ ਪਾਣੀ ਵੀ ਨਹੀਂ ਸੀ ਪੀਂਦਾ। ਲੂਣ ਖਾ ਕੇ ਹਰਾਮ ਕਰਨ ਵਾਂਗ ਇਸਨੂੰ ਵੀ ਇਕ ਗੁਨਾਂਹ ਸਮਝਿਆ ਜਾਂਦਾ ਸੀ।

ਤਿੰਨ ਦਿਨ ਪਿੰਡ ਵਿਚ ਪੂਰੀ ਰੌਣਕ ਰਹੀ। ਬਰਾਤੀ ਨਹਾ ਧੋ ਕੇ ਅੱਖਾਂ ਵਿਚ ਸੁਰਮੇਂ ਪਾ ਕੇ, ਕਈ ਅਧਖੜ ਮੋਚਨੇ ਨਾਲ ਖਤ ਕੱਢ ਕੇ, ਤੁਰਲੇ ਵਾਲੀ ਪੱਗ ਅਤੇ ਗਲ ਕੈਂਠੇ ਪਾ ਕੇ ਗਲੀਆਂ ਵਿੱਚੋਂ ਦੀ ਲੰਘਦੇ। ਕੁੜੀਆਂ ਘਰਾਂ ਦੇ ਬੰਦ ਦਰਵਾਜ਼ਿਆਂ ਦੀਆਂ ਝੀਤਾਂ ਵਿੱਚੋਂ ਦੀ ਬਰਾਤੀਆਂ ਨੂੰ ਦੇਖਦੀਆਂ। ਤਿੰਨ ਦਿਨ ਮੌਸਮ ਸੋਹਣਾ ਰਿਹਾ ਅਤੇ ਹਵਾ ਚਲਦੀ ਰਹੀ। ਪਰ ਤੀਜੇ ਦਿਨ ਪੁਰੇ ਦੀ ਵਾਅ ਤੇਜ਼ ਹੋ ਗਈ ਸੀ। ਜਿਸ ਕਾਰਨ ਅੱਜ ਬਰਾਤੀਆਂ ਤੋਂ ਧਰਮਸ਼ਾਲਾ ਦੇ ਬੋਹੜ ਦੀ ਛਾਂ ਹੇਠ ਤਾਸ਼ ਵੀ ਨਹੀਂ ਖੇਡੀ ਗਈ। ਤਿੰਨ ਦਿਨ ਬਰਾਤੀ ਸੀਪ, ਭਾਬੀ ਦਿਓਰ ਤੇ ਸਰਾਂ ਮੰਨਣ ਖੇਡਦੇ ਰਹੇ ਸਨ। ਪਤਾ ਹੀ ਨਹੀਂ ਲੱਗਾ ਕਿ ਇਹ ਸਮਾਂ ਕਦੋਂ ਲੰਘ ਗਿਆ। ਕੱਲ੍ਹ ਨੂੰ ਸਭ ਨੇ ਅਨੰਦਕਾਰਜਾਂ ਤੋਂ ਬਾਅਦ ਰੋਟੀ ਖਾ ਕੇ ਪਿੰਡ ਵਾਪਸ ਚਲੇ ਜਾਣਾ ਸੀ। ਏਨੇ ਦਿਨ ਨਛੱਤਰ ਸਿੰਘ (ਲਾੜੇ) ਦਾ ਰੋਟੀ ਪਾਣੀ ਧਰਮਸ਼ਾਲਾ ਹੀ ਆਉਂਦਾ ਰਿਹਾ। ਕਈ ਹਾਣ ਦੇ ਬਰਾਤੀ ਅੱਜ ਕਹਿ ਰਹੇ ਸਨ ਕਿ "ਓ ਨਛੱਤਰਾ ਲੱਗਦੈ ਪਿਛਲੇ ਜਨਮ ਵਿਚ ਮੋਤੀ ਪੁੰਨ ਕੀਤੇ ਹੋਣਗੇ ਜੋ ਐਹੋ ਜੇਹਾ ਘਰ ਟੱਕਰਿਆ ਐ, ਪਤੰਦਰਾ ਹਵੇਲੀ ਪਟਿਆਲੇ ਵਾਲੇ ਮਹਾਰਾਜੇ ਵਰਗੀ ਲੱਗਦੀ ਐ ਤੇ ਇਸ ਹਵੇਲੀ ਦੀ ਹੂਰ ਵੀ ਕੋਈ ਕੋਹ ਕਾਫ ਦੀਆਂ ਪਰੀਆਂ ਨਾਲੋਂ ਘੱਟ ਨਹੀਂ ਹੋਣੀ" ਨਛੱਤਰ ਉਹਨਾਂ ਦੀ ਇਸ ਸਿਫ਼ਤ ਤੇ ਮੁਸਕਰਾ ਪੈਂਦਾ।

"ਬਾਈ ਹੋ ਸਕਦੈ ਕਿ ਅਗਲੀ ਜੱਭ ਖੜ੍ਹਾ ਕਰ ਦੇਵੇ ਤੇ ਕਹੇ ਕੱਚਾ ਢਾਹ ਕੇ ਪੱਕਾ ਹੈ ਪਾਉਣਾ ਜੇ ਰੱਖਣੈਂ ਤਾਂ ਤੇਰੀ ਮਰਜ਼ੀ।" ਨਛੱਤਰਾ ਫੇਰ ਕੀ ਕਹੇਂਗਾ। ਫੇਰ ਕੀ ਕਹਿਣੈਂ ਆਪਣਾ ਨਛੱਤਰ ਵੀ ਪੂਰਾ ਕਲੱਕੜ ਹੈ ਇਹਨੇ ਕਹਿਣੈ ਕੱਚਾ ਢਾਹ ਕੇ ਪੱਕਾ ਨਹੀਂ ਪਾਉਣਾ ਜੇ ਰਹਿਣਾ ਏਂ ਤਾਂ ਤੇਰੀ ਮਰਜ਼ੀ" ਦੂਸਰੇ ਨੇ ਜਵਾਬ ਦਿੱਤਾ।

"ਯਾਰ ਤੇਰੀ ਬਰਾਤ ਵੀ ਯਾਦ ਰਹੂ ਘਰੇ ਜਾ ਕੇ ਵੀ ਕਾਲਜਾ ਖੁੱਸਦਾ ਰਹ ਕਿਸੇ ਕੰਮ ਨੂੰ ਜੀ ਨਹੀਂ ਕਰਨਾ। ਤਿੰਨ ਦਿਨ ਪੂਰੀ ਸੇਵਾ ਹੋਈ ਐ ਤੇ ਐਸ਼ ਕੀਤੀ ਹੈ। ਸਪੀਕਰ ਵਾਲੇ ਨੇ ਵੀ ਜੀ ਲੁਆਈ ਰੱਖਿਆ।" ਕਿਸੇ ਹੋਰ ਨੇ ਕਿਹਾ।

ਉਸ ਰਾਤ ਅੱਧੀ ਰਾਤ ਨੂੰ ਨਛੱਤਰ ਸਿੰਘ ਨਹਾ ਧੋ ਕੇ ਤਿਆਰ ਹੋਇਆ। ਕੱਪੜੇ ਬਦਲੇ ਨਾਲ ਦੇ ਮੁੰਡਿਆਂ ਨੇ ਮਾਵੇ ਵਾਲੀ ਪੱਗ ਤੇ ਲੱਗੇ ਸੇਹਰਿਆਂ ਵਾਲੀ ਸੂਹੀ ਪੱਗੜੀ ਤੇ ਕੱਢਵੀਂ ਸੁਨਹਿਰੀ ਤਿੱਲੇ ਵਾਲੀ ਜੁੱਤੀ ਪੁਆਈ। ਜੁੱਤੀ ਦੇਖ ਕੇ ਇੱਕ ਮੁੰਡੇ ਨੇ ਦੂਜੇ ਨੂੰ ਕਿਹਾ "ਦੇਖ ਬਈ ਦਲੀਪਿਆ ਇਸ ਜੁੱਤੀ ਦੀ ਰਾਖੀ ਤੂੰ ਕਰਨੀ ਹੈ ਕੋਈ ਸਾਲੀ ਇਸਨੂੰ ਚੁੱਕ ਨਾ ਸਕੇ ਨਹੀਂ ਤਾਂ ਅਗਲੀਆਂ ਨੇ ਜਿੰਨਾ ਲਾਗ ਮੰਗਿਆ ਤੈਨੂੰ ਦੇਣਾ ਪਊ

Scanned with CamScanner

ਭਈ ਨਾਲੇ ਤੂੰ ਫਿਕਰ ਏਂ, ਐਨਾ ਕੁ ਤਾਂ ਕਰਨਾ ਹੀ ਪਊ" ਲੰਬੜਾਂ ਦੇ ਜਾਗਰ ਨੇ ਕਿਹਾ।

"ਭਾਈ ਫਿਕਰ ਨਾ ਕਰੋ ਜੁੱਤੀ ਨੇੜੇ ਕੁੜੀ ਤਾਂ ਕੀ ਚਿੜੀ ਵੀ ਨੀ ਫੜਕਣ ਦਿੰਦਾ।" ਦਲੀਪੇ ਨੇ ਹਿੱਕ ਥਾਪੜੀ।

ਸਪੀਕਰ ਵਾਲਾ ਲੜਕੀ ਵਾਲਿਆਂ ਦੇ ਘਰ ਜਾ ਢੁੱਕਾ ਸੀ ਅਤੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਚੁੱਕਾ ਸੀ। ਭਾਈ ਸੁਜਾਨ ਸਿੰਘ ਦੀ ਆਸਾ ਦੀ ਵਾਰ ਦੀ ਰਸਭਿੰਨੀ ਅਵਾਜ਼ "ਮਿਲ ਮੇਰੇ ਪ੍ਰੀਤਮਾਂ ਜੀਓ ਤੁਧ ਬਿਨ ਖੜੀ ਨਿਮਾਣੀ" ਦੀ ਅਵਾਜ਼ ਨੇ ਸਵੇਰ ਦੀ ਫਿਜ਼ਾ ਵਿਚ ਅੰਮ੍ਰਿਤ ਰਸ ਬਿਖੇਰਿਆ। ਉਹਨਾਂ ਦਿਨਾ ਵਿਚ ਅੰਮ੍ਰਿਤ ਵੇਲੇ ਅਨੰਦ ਕਾਰਜ ਕਰਨਾ ਪੰਜਾਬ ਦੀ ਵਿਰਾਸਤ ਦੀ ਪਵਿੱਤਰ ਰਵਾਇਤ ਸੀ। ਹੁਣ ਬਰਾਤ ਅਨੰਦ ਕਾਰਜਾਂ ਤੇ ਜਾਣ ਲਈ ਤਿਆਰ ਹੋ ਚੁੱਕੀ ਸੀ। ਹਨੇਰਾ ਹੋਣ ਕਰਕੇ ਗੈਸਾਂ ਵਾਲੇ ਲੈਂਪ ਚੁੱਕੀ ਆਉਂਦੇ ਮੁੰਡਿਆਂ ਦੇ ਘੇਰੇ ਵਿਚ ਬਰਾਤ ਚੱਲ ਰਹੀ ਸੀ। ਘਰ ਦੀਆਂ ਬਰੂਹਾਂ ਤੇ ਨਾਈ ਵੱਲੋਂ ਤੇਲ ਚੋਇਆ ਗਿਆ ਅਤੇ ਨੰਦ ਸਿੰਘ ਨੇ ਉਸਨੂੰ ਲਾਗ ਦਿੱਤਾ। ਹਵੇਲੀ ਵਿਚ ਇਕ ਪਾਸੇ ਦਾਜ ਦਾ ਸਮਾਨ ਪਿਆ ਸੀ। ਸੰਦੂਕ, ਨਵਾਰੀ ਮੰਜੇ ਨਾਲ ਲੋਗੜੀ ਦੇ ਫੁੱਲਾਂ ਨਾਲ ਬੰਨਿਆ ਸਾਈਕਲ ਦੇਖ ਕੇ ਸਭ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ ਸਨ। ਉਹਨਾਂ ਦੇ ਪਿੰਡ ਤਾਂ ਕਿਸੇ ਕੋਲ ਸਾਈਕਲ ਹੀ ਨਹੀਂ ਸੀ। ਸਕੀਰੀਆਂ 'ਚ ਆਉਣ ਜਾਣ ਵਾਲੇ ਘੋੜੀ, ਊਠ ਆਦਿ ਮੰਗ ਕੇ ਲਿਜਾਂਦੇ ਸਨ। ਸੰਦੂਕ ਦੇ ਕੋਲ ਸਿਲਾਈ ਮਸ਼ੀਨ ਅਤੇ ਨਾਲ ਹੀ ਘਿਓ ਵਾਲੇ ਪੀਪੇ ਜੋੜਾ ਟੇਢੀਓਂ ਪਿਆ ਸੀ। ਇਹ ਸਾਰਾ ਸਮਾਨ ਮੀਂਹ ਕਣੀ ਦੀ ਰੁੱਤ ਕਰਕੇ ਤੇ ਦੂਸਰਾ ਚੋਰੀ ਵਿੱਚੋਂ ਲੰਘਦਿਆਂ ਸੌਖਾ ਹੋਣ ਕਰਕੇ ਅਗਲਿਆਂ ਨੇ ਪਹਿਲਾਂ ਹੀ ਪ੍ਰਬੰਧ ਕਰ ਲਿਆ ਸੀ।

ਸਭ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸ਼ਰਧਾਪੂਰਵਕ ਮੱਥਾ ਟੇਕਿਆ ਅਤੇ ਨੰਦ ਸਿੰਘ ਨੇ ਰੁਮਾਲੇ ਵਿਚ ਸਵਾ ਰੁਪਈਆ ਰੱਖ ਕੇ ਮੱਥਾ ਟੇਕਿਆ। ਕੀਰਤਨ ਸਮਾਪਤ ਹੋਇਆ ਤਾਂ ਹਵਾ ਤੇਜ਼ ਹੋ ਗਈ ਸੀ। ਕਨਾਤਾਂ ਅਤੇ ਚਾਨਣੀ ਫੜੱਕ ਫੜੱਕ ਵੱਜਣ ਲੱਗੀ। ਭਾਈ ਜੀ ਸਿਦਕ ਨਾਲ ਪਾਠ ਕਰ ਰਹੇ ਸਨ। ਫਿਰ ਸੰਤਰ ਵਿਚ ਲਪੇਟੀ ਲੜਕੀ ਨੂੰ ਨਛੱਤਰ ਸਿੰਘ ਦੇ ਬਰਾਬਰ ਦੋ ਤਿੰਨ ਕੁੜੀਆਂ ਨੇ ਬਿਠਾਇਆ। ਲੜਕੀ ਦੇ ਬਾਪ ਨੇ ਨਛੱਤਰ ਸਿੰਘ ਦਾ ਸੇਹਰਾ ਵਧਾਇਆ ਤਾਂ ਨਛੱਤਰ ਸਿੰਘ ਦਾ ਦੁਧੀਆ ਚਾਨਣ ਵਿਚ ਦਗ ਦਗ ਕਰਦਾ ਗੁਲਾਬੀ ਚੇਹਰਾ ਅਤੇ ਅਲੂੰਈਂ ਦਾਹੜੀ ਦੇਖ ਕੇ ਕਈ ਕੁੜੀਆਂ ਨੇ ਦਿਲ ਤੇ ਹੱਥ ਰੱਖ ਲਏ। ਪਕੇਰੀ ਉਮਰ ਦੀਆਂ ਔਰਤਾਂ ਲੜਕੀ ਦੀ ਮਾਂ ਨੂੰ ਵਧਾਈਆਂ ਦੇ ਰਹੀਆਂ ਸਨ ਕਿ ਮੁੰਡੇ ਦਾ ਚੇਹਰਾ ਤਾਂ ਸੂਰਜ ਨੂੰ ਮਾਤ ਪਾਉਂਦਾ ਹੈ। ਸਾਡੀ ਧੀ ਦੇ ਮੋਤੀ ਪੁੰਨ ਕੀਤੇ ਹੋਏ ਐ। ਐਨੀ ਸੋਹਣੀ ਜੋੜੀ ਜਿਉਂਦਾ ਰਹੇ ਵਿਚੋਲਾ ਜੀਹਨੇ ਚੰਨ-ਸੂਰਜ ਦਾ ਮੇਲ ਕਰਾਤਾ।

ਜਦ ਲਾਵਾਂ ਦਾ ਪਾਠ ਸ਼ੁਰੂ ਹੋਇਆ ਤਾਂ ਅਚਾਨਕ ਹਵਾ ਤੇਜ਼ ਹੋ ਗਈ। ਅਚਾਨਕ ਬੱਦਲ ਐਨੀ ਜ਼ੋਰ ਦੀ ਗਰਜਿਆ ਕਿ ਬੰਦੇ ਤਾਂ ਕੀ ਧਰਤੀ ਵੀ ਕੰਬ ਉੱਠੀ। ਜ਼ਰੂਰ ਨੇੜੇ ਤੇੜੇ ਅਸਮਾਨੀ ਬਿਜਲੀ ਡਿੱਗੀ ਹੋਊ। ਕਈ ਸੋਚ ਰਹੇ ਸਨ। ਇਸ ਦੇ ਨਾਲ ਹੀ ਬਹੁਤ ਮੋਟੀ ਕਣੀ ਦਾ ਮੀਂਹ ਲੈ ਪਿਆ। ਬਹੁਤ ਤੇਜ਼ ਹਵਾ 'ਚ ਚੌਰ ਕਰ ਰਹੇ ਭਾਈ ਸਾਹਿਬ ਕੋਲੋਂ ਉਹ ਵੀ ਹਵਾ ਦੀ ਤੇਜ਼ ਰਫਤਾਰ ਕਾਰਨ ਹੱਥੋਂ ਛੁੱਟ-ਛੁੱਟ ਜਾਂਦਾ ਸੀ। ਭਾਈ ਜੀ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੱਤਰੇ ਸਾਂਭਣੇ ਔਖੇ ਹੋ ਰਹੇ ਸਨ। ਅਖੀਰ ਦੋ ਲਾਵਾਂ ਤੋਂ ਬਾਅਦ ਤੇਜ਼ ਮੀਂਹ ਅਤੇ ਹਨ੍ਹੇਰੀ ਨੇ ਸਭ ਕੁਝ ਠੱਪ ਕਰ ਦਿੱਤਾ। ਅਨੰਦ ਕਾਰਜਾਂ ਵੇਲੇ ਗੇਟ ਨੂੰ ਸਿੱਖਿਆ ਸੁਣਾਉਣ ਆਈ ਕੁੜੀ ਦਾ ਵਰਕਾ ਭਿੱਜ ਗਿਆ ਸੀ। ਇਸ ਸਥਿਤੀ 'ਚ ਦੋ ਲਾਵਾਂ ਤੋਂ ਬਾਅਦ ਹੀ ਮੀਂਹ ਦੇ ਪਾਣੀ ਨਾਲ ਨੁੱਚੜਦੀਆਂ ਕੁੜੀਆਂ ਵਿਆਹੁਲੀ ਕੁੜੀ ਨੂੰ ਅੰਦਰ ਲੈ ਗਈਆਂ।

ਹੁਣ ਸਭ ਦੇ ਚੇਹਰੇ ਉੱਤਰ ਗਏ ਸਨ ਕਿ ਬਦਸ਼ਗਨੀ ਹੋ ਗਈ ਹੈ। ਲਾਵਾਂ ਪੂਰੀਆਂ ਨਹੀਂ ਹੋਈਆਂ। ਵਿਆਹ ਅਧੂਰਾ ਹੈ। ਜੁੱਤੀ ਚੁੱਕਣ ਵਾਲੀਆਂ ਸਾਲੀਆਂ ਦੀਆਂ ਸਕੀਮਾਂ ਤੇ ਮੀਂਹ ਦਾ ਪਾਣੀ ਫਿਰ ਗਿਆ ਸੀ। ਸਪੀਕਰ ਤੇ ਸਿੱਖਿਆ ਸੁਣਾਉਣ ਵਾਲੀ ਕੁੜੀ ਮਿਲਣ ਵਾਲੇ ਇਨਾਮ ਤੋਂ ਵਾਂਝੀ ਰਹਿ ਜਾਣ ਕਰਕੇ ਅੱਖਾਂ ਭਰੀ ਖੜ੍ਹੀ ਸੀ। ਇਹ ਤਾਂ ਮੌਸਮ ਦਾ ਮਿਜਾਜ਼ ਸੀ। ਬੰਦਾ ਕੀ ਕਰ ਸਕਦਾ ਸੀ। ਸਭ ਤੋਂ ਬੁਰਾ ਹਾਲ ਬਰਾਤੀਆਂ ਦਾ ਸੀ। ਜਿੰਨਾ ਦੀਆਂ ਪੱਗਾਂ ਦੇ ਰੰਗ ਕੱਚੇ ਸਨ ਉਹ ਉੱਤਰ ਕੇ ਲਹਿ ਗਏ ਸਨ ਤੇ ਕੱਪੜੇ ਇਸ ਹੋ ਗਏ ਸਨ ਜਿਵੇਂ ਸੱਜਰੇ ਹੋਲੀ ਖੇਡ ਕੇ ਆਏ ਸਨ। ਚੇਹਰਿਆਂ ਤੇ ਵੀ ਰੰਗ ਲੱਗ ਗਿਆ ਸੀ। ਕੁਝ ਕੁੜੀਆਂ ਬੁੜੀਆਂ ਬਰਾਤ ਦੀ ਇਹ ਹਾਲਤ ਦੇਖ ਕੇ ਹੱਸ ਰਹੀਆਂ ਸਨ। ਕੁਝ ਨੇੜਲੀਆਂ ਰਿਸ਼ਤੇਦਾਰ ਕੁੜੀਆਂ ਬੁੜੀਆਂ ਦੇ ਚੇਹਰੇ ਉੱਤਰੇ ਹੋਏ ਸਨ ਕਿ ਬਦਸ਼ਗਨੀ ਕਾਰਨ ਰਿਸ਼ਤਾ ਪਤਾ ਨਹੀਂ ਕਿਵੇਂ ਨਿਭੇਗਾ। ਕੁਝ ਇਸਨੂੰ ਰੱਬ ਦਾ ਰੰਗ ਵਿਚ ਭੰਗ ਪਾਉਣ ਦਾ ਇਸ਼ਾਰਾ ਸਮਝ ਕੇ ਸਹਿਮੀਆਂ ਖੜੋਤੀਆਂ ਸਨ।

ਇਸ ਡਰ ਅਤੇ ਸਹਿਮ ਦੀ ਖਾਮੋਸ਼ੀ ਨੂੰ ਬਾਬਾ ਇੰਦਰ ਸਿੰਘ ਬੋਲਿਆ

"ਭਾਈ ਡਰਦੇ ਕਿਉਂ ਹੋ, ਇਸ ਵਿਆਹ ਤੇ ਇੰਦਰ ਦੇਵਤਾ ਖੁਸ਼ ਹੋਇਐ ਉਸ ਨੇ ਗਰਜ ਗਰਜ ਕੇ ਸੁਭਾਗੀ ਜੋੜੀ ਦੇ ਸੰਜੋਗ ਤੇ ਪਟਾਕੇ ਚਲਾਏ ਹਨ।"

"ਹਾਂ ਬਈ ਹਾਂ ਇੰਦਰ ਸਿਹਾਂ ਤੇਰੀ ਗੱਲ ਠੀਕ ਐ। ਆਹ ਅੱਠ-ਦਸ ਸਾਲ ਪਹਿਲਾਂ ਜਦੋਂ ਅੰਗਰੇਜ਼ਾਂ ਨੇ ਮੁਲਕ ਵੰਡਿਆ ਸੀ ਤੇ ਕਈ ਸਾਹੇ ਇਹਨਾਂ ਦਿਨਾਂ ਵਿਚ ਹੀ ਸਨ। ਕਈ ਲਾਵਾਂ ਪੂਰੀਆਂ ਹੋ ਗਈਆਂ ਸਨ ਕਈ ਅਧੂਰੀਆਂ ਸਨ ਏਹੀ ਪਾਸੀ ਨਾਤੇ ਸਮੇਤ ਬਰਾਤਾਂ ਵੀ ਵੱਢੀਆਂ ਗਈਆਂ ਸਨ। ਉਸ ਦੇ ਮੁਕਾਬਲੇ ਤਾਂ ਇਹ ਕੁਝ ਵੀ ਨਹੀਂ" ਬਾਬੇ ਨਿਧਾਨੇ ਨੇ ਦਲੀਲ ਦਿੱਤੀ।

"ਓ ਭਾਈ ਕਰਮ ਸਿਹਾਂ ਹੌਸਲਾ ਰੱਖ ਜੀਹਨੇ ਨਹੀਂ ਵੱਸਣਾ ਉਹਨੇ ਚਾਰ ਲਾਵਾਂ ਲੈ ਕੇ ਵੀ ਨਹੀਂ ਵੱਸਣਾ ਜੀਹਨੇ ਵੱਸਣਾ ਹੈ ਉਹਨੇ ਇਕ ਦੋ ਲਾਵਾਂ ਤੇ ਵਸ ਜਾਣਾ ਹੈ। ਕੀ ਲਾਵਾਂ ਦੇ ਪਾਠ ਦੀ ਬਾਣੀ ਤੋਂ ਪਹਿਲਾਂ ਦੇ ਸਿੱਖ ਗੁਰੂ ਸਾਹਿਬਾਨ ਦੇ ਘਰ ਨਹੀਂ ਵੱਸੇ? ਜਿੰਨਾ ਧਰਮ ਨੂੰ ਐਨੀ ਦੇਣ ਦਿੱਤੀ।" ਬਾਬਾ ਇੰਦਰ ਸਿੰਘ ਨੇ ਕੁੜੀ ਦੇ ਬਾਪ ਦੇ ਮੋਢੇ ਤੇ ਹੱਥ ਰੱਖਦਿਆਂ ਕਿਹਾ।

ਬਜ਼ੁਰਗਾਂ ਦੇ ਬੋਲ ਸੁਣ ਕੇ ਸਭ ਨੂੰ ਧਰਵਾਸ ਆਇਆ। ਉਂਜ ਦਿਲ ਤਾਂ ਨੰਦ ਸਿੰਘ ਦਾ ਵੀ ਡੋਲ ਗਿਆ ਸੀ। ਫਿਰ ਸਾਰੇ ਬਰਾਤੀਆਂ ਨੇ ਕੀਤੀ ਤਿਆਰੀ ਮੁਤਾਬਕ ਸਿੱਖਿਆ ਸੁਣਾਉਣ ਵਾਲੀ ਲੜਕੀ। ਜੁੱਤੀ ਚੁੱਕਣ ਦਾ ਲਾਗ ਅਤੇ ਲੜਕੇ-ਲੜਕੀ ਨੂੰ ਦਿੱਤਾ ਜਾਣ ਵਾਲਾ ਸ਼ਗਨ ਇਕੱਠਾ ਕਰਕੇ ਦੋਹਾਂ ਧਿਰਾਂ ਨੂੰ ਦੇ ਕੇ ਵਿਆਹ ਦੀਆਂ ਰਸਮਾਂ ਸੰਪੂਰਨ ਕਰ ਦਿੱਤੀਆਂ। ਮੀਂਹ ਅਜੇ ਵੀ ਪੈ ਰਿਹਾ ਸੀ। ਇਸ ਉਤਸ਼ਾਹ ਵਿਚ ਹੀ ਥਾਲੀਆਂ 'ਚ ਸੋਨੇ ਦੇ ਛਾਪਾਂ-ਛੱਲੇ, ਕੜੇ, ਜੋੜੀਆਂ, ਵਾਲੀਆਂ ਲੜਕੀ ਵਾਲਿਆਂ ਵੱਲੋਂ ਵੱਖ-ਵੱਖ ਰਿਸ਼ਤੇਦਾਰਾਂ ਨੂੰ ਪਹਿਨਾਈਆਂ ਗਈਆਂ। ਨੰਦ ਸਿੰਘ ਨੇ ਵੀਹ ਤੋਲੇ ਦੀਆਂ ਟੂੰਮਾਂ ਦਾ ਬਕਸਾ ਲੜਕੀ ਦੇ ਬਾਪ ਨੂੰ ਫੜਾਇਆ। ਵੀਹ ਤੋਲੇ ਦੀਆਂ ਟੂੰਮਾਂ ਦੇਖ ਕੇ ਬਦਸ਼ਗਨੀ ਦੀਆਂ ਪਰਤਾਂ ਸਾਉਣ ਦੇ ਮਹੀਨੇ ਕੱਚੀਆਂ ਕੰਧਾਂ ਦੇ ਲਿਓੜਾਂ ਵਾਂਗ ਲੱਥਣ ਲੱਗੀਆਂ।

"ਭਾਈ ਕਰਮਾਂ ਸਿਹਾਂ, ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨੂੰ ਸਤਿਕਾਰ ਸਹਿਤ ਗੁਰੂ ਘਰ ਸੁਖ ਆਸਨ ਕਰ ਆਓ ਤੇ ਬਾਕੀ ਤਿਆਰੀ ਕਰੋ ਮੌਸਮ ਖਰਾਬ ਹੈ। ਅਸੀਂ ਵੀ ਸ਼ਾਮੀਂ ਸਿਰ ਪਿੰਡ ਪਹੁੰਚਣ ਵਾਲੇ ਬਣੀਏ। ਭਾਈ ਸਾਨੂੰ ਕੁੜੀ ਦਾ ਨਾਮ ਤਾਂ ਦੱਸ ਦਿਓ" ਨੰਦ ਸਿੰਘ ਨੇ ਪੁੱਛਿਆ। "ਬਾਈ ਜੀ ਚੰਦ ਕੁਰ ਹੈ।" ਕਰਮ ਸਿੰਘ ਨੇ ਕਿਹਾ ਤਾਂ ਉਸ ਨੂੰ ਯਕੀਨ ਆ ਗਿਆ ਕਿ ਉਹ ਚੰਦ ਦਾ ਟੋਟਾ ਲੈ ਕੇ ਜਾ ਰਹੇ ਹਨ।

ਹੁਣ ਬਰਾਤ ਨੂੰ ਰੋਟੀ ਤੇ ਚਾਹ ਧਰਮਸ਼ਾਲਾ ਵਿਚ ਹੀ ਖੁਆਈ ਅਤੇ ਪਿਲਾਈ ਗਈ। ਗਰਮਾ ਗਰਮ ਪਕੌੜੇ ਤੇ ਚਾਹ ਪੀ ਕੇ ਬਰਾਤੀਆਂ 'ਚ ਜੋਸ਼ ਆ ਗਿਆ ਸੀ। ਜਦ ਬਰਾਤ ਲੜਕੀ ਦੇ ਘਰ ਸਾਹਮਣੇ ਆਈ ਤਾਂ ਲੜਕੀ ਵਾਲੇ ਦਾਜ ਦੇ ਸਮਾਨ ਨੂੰ ਚੱਕ ਕੇ ਗੱਡੇ ਭਰੀ ਖੜ੍ਹੇ ਸਨ।

"ਬੀਬੀ ਛੱਡ ਨੀਂ ਪੇਹੜੀ ਦਾ ਪਾਵਾ, ਸਾਡਾ ਕੀ ਏ ਦਾਅਵਾ ਦਮਾਂ ਵਾਲੇ ਲੈ ਨੀ ਚੱਲੇ" ਦੇ ਦਿਲ ਵਿੰਨਣੇ ਗੀਤਾਂ ਦੀ ਅਵਾਜ਼ 'ਚ ਕਹਾਰਾਂ ਨੇ ਪਿੰਡ ਦੀ ਜੂਹ ਤੱਕ ਡੋਲੀ ਚੁੱਕ ਲਈ। ਲੜਕੀ ਦੇ ਉੱਚੀ-ਉੱਚੀ ਰੋਣ ਦੀਆਂ ਅਵਾਜ਼ਾਂ ਨੇ ਲੜਕੀ ਵਾਲਿਆਂ ਦੇ ਨਹੀਂ ਸਗੋਂ ਕਈ ਬਰਾਤੀਆਂ ਦੀਆਂ ਅੱਖਾਂ ਵਿਚ ਅੱਥਰੂ ਲਿਆ ਦਿੱਤੇ ਜਿੰਨਾ ਦੇ ਘਰ ਜਵਾਨ ਧੀਆਂ ਸਨ। ਜਿੰਨਾਂ ਇਸ ਦੌਰ 'ਚੋਂ ਲੰਘਣਾ ਸੀ ਉਹਨਾਂ ਦੇ ਮਨ ਦਾ ਭਾਵੁਕ ਹੋਣਾ ਸੁਭਾਵਕ ਸੀ।

ਪਿੰਡ ਦੀ ਜੂਹ ਟੱਪ ਕੇ ਕਹਾਰਾਂ ਨੇ ਲੜਕੀ ਨੂੰ ਰੱਥ ਵਿਚ ਬਿਠਾਇਆ ਅਤੇ ਰੱਥ ਦੇ ਪਿੱਛੇ-ਪਿੱਛੇ ਬਰਾਤ ਸਰਕਣ ਲੱਗੀ। ਬੱਦਲਾਂ ਦੀ ਛਾਂ ਕਾਰਨ ਕੋਈ ਪਤਾ ਨਹੀਂ ਲੱਗ ਰਿਹਾ ਸੀ ਕਿ ਸੂਰਜ ਕਿੱਥੇ ਕੁ ਖੜ੍ਹਾ ਹੈ। ਪਰ ਉਹਨਾਂ ਅੱਗੇ ਚੰਨ ਸੂਰਜਾਂ ਦੀ ਜੋੜੀ ਜਾ ਰਹੀ ਸੀ।




ੴ ☬ M: 98556-88072, 88728-09846
ਚਾਰੇ ਪਾਸੇ ਮਹਿਕਾਂ ਖਿਲਾਰਦਾ
ਮੇਰਾ ਮੋਗਾ ਵਸੀ, ਮੇਰਾ ਮੋਗਾ ਲਿਸ਼ਕਾਂ ਮਾਰਦਾ
ਸੁੱਖ ਰੱਖੀ ਮੇਰੇ ਪੰਜਾਬ ਨੂੰ ਸੁੱਖ ਰੱਖੀ ਮਾਲਕਾ
ਮਾਂ ਤੂੰ ਰੱਬ ਦਾ ਰੂਪ ਏ ਰੱਬ ਤੇਰੇ ਵਿੱਚ ਵਸਦਾ ਏ
ਲੋਕ ਚੇਤਨਾ ਕੇਂਦਰ
ਪ੍ਰੋ: ਗੀਤਕਾਰ ਡਾ: ਜਗਤਾਰ ਸਿੰਘ ਧਰੀਮਲ
(ਮੈਰਿਜ ਸਲਾਹਕਾਰ)
Regd. No. 8/40/179/7015
ਪਿੰਡ ਨਾਹਲ ਖੋਟੇ (ਡਾਕ ਤਾਰੇਵਾਲਾ) ਮੋਗਾ-142001

ਆਪਣੇ ਧਾਰਮਿਕ, ਸਾਹਿਤਕ, ਸਮਾਜਿਕ ਅਤੇ ਸੱਭਿਆਚਾਰਕ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ (ਲਾਈਵ ਟੈਲੀਕਾਸਟ) ਕਰਵਾਉਣ ਲਈ ਸੰਪਰਕ ਕਰੋ:

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ
Web TV

ਚੀਫ ਡਾਇਰੈਕਟਰ: ਭਵਨਦੀਪ ਸਿੰਘ ਪੁਰਬਾ, Help Line: 99889-29988

Scanned with CamScanner

ਸਵ. ਸ. ਹਰਨੇਕ ਸਿੰਘ ਰੋਡੇ ਦੀ ਪੁਸਤਕ 'ਮੋਗਾ ਬੋਲਦਾ ਹੈ' ਦਾ ਪੰਜੀਵਾਂ ਕਾਂਢ ਪ੍ਰਕਾਸ਼ਿਤ ਕਰ ਰਹੇ ਹਾਂ। ਇਥੇ ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਪੁਸਤਕ 'ਮੋਗਾ ਬੋਲਦਾ ਹੈ' 2004 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਲਈ ਇਸ ਪੁਸਤਕ ਵਿੱਚ ਬਿਆਨ ਸਥਾਨ, ਜਗ੍ਹਾ ਤੇ ਇਮਾਰਤਾਂ ਬਾਰੇ 2004 ਅਨੁਸਾਰ ਹੀ ਲਿਖਿਆ ਗਿਆ ਹੈ। ਉਸ ਤੋਂ ਬਾਅਦ ਵਿੱਚ ਮੋਗਾ ਜ਼ਿਲ੍ਹੇ ਦੀਆਂ ਹੋਈਆਂ ਤੁਬਦੀਲੀਆਂ ਬਾਰੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਜਾਂ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਪੁਸਤਕ ਵਿੱਚ ਪ੍ਰਕਾਸ਼ਿਤ ਲੇਖਕ ਦੇ ਆਪਣੇ ਨਿੱਜੀ ਵਿਚਾਰ ਅਸੀਂ ਇਸ ਪੁਸਤਕ ਨੂੰ ਬਿਨਾਂ ਕਿਸੇ ਕਾਟ-ਛਾਂਟ ਦੇ ਹੂ-ਬ-ਹੂ ਪ੍ਰਕਾਸ਼ਿਤ ਕਰ ਰਹੇ ਹਾਂ। -ਸੰਪਾਦਕ

**ਮੋਗਾ ਬੋਲਦਾ ਹੈ**
**ਕਾਂਡ ਨੰ. 25**
**ਲੇਖਕ: ਸ. ਹਰਨੇਕ ਸਿੰਘ ਰੋਡੇ**
ਪੇਸ਼ਕਸ਼: ਢਾਡੀ ਸਾਧੂ ਸਿੰਘ ਧੰਮੂ (ਮੋ. 98143-71922)

# ਮੋਗਾ ਜ਼ਿਲ੍ਹੇ ਦਾ ਮੁੱਢਲਾ ਇਤਿਹਾਸ

ਇਸ ਬ੍ਰਾਹਮਣੀ ਧਰਮ ਨੇ ਰਾਜਨੈਤਿਕ ਉਨਤੀ ਦੇ ਨਾਲ-ਨਾਲ ਵੈਦਿਕ ਦੇਵਤਿਆਂ ਦੀ ਪ੍ਰਤੀਨਿਧਤਾ ਵੀ ਕੀਤੀ ਸੀ। ਉਸ ਸਮੇਂ ਨੂੰ ਹਿੰਦੂ ਧਾਰਮਿਕਤਾ ਦੇ ਕੱਟੜਤਾ ਦਾ ਸਮਾਂ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਉਸ ਸਮੇਂ ਦੀ ਉਪਾਸਨਾ ਦੇ ਚਿੰਨ੍ਹ ਮੱਧ ਯੁੱਗ ਤੱਕ ਆਪਣੀ ਪੂਰੀ ਸ਼ਾਨੋ-ਸ਼ੌਕਤ ਵਿਚ ਰਹੇ ਅਤੇ ਅੱਜ ਵੀ ਉਹ ਧਾਰਮਿਕ ਚਿੰਨ੍ਹ ਵੈਦਿਕ ਸਮੇਂ ਦੀ ਸੱਭਿਅਤਾ ਨੂੰ ਦਰਸਾਉਂਦੇ ਹਨ।

ਜੈਨ ਅਤੇ ਬੁੱਧ ਧਰਮ ਦੇ ਆਗਮਨ ਤੋਂ ਪਹਿਲਾਂ ਵੈਦਿਕ ਧਰਮ ਦੇ ਕਰਮ ਕਾਂਡਾਂ ਤੋਂ ਸਧਾਰਨ ਲੋਕਾਂ ਵਿਚ ਥੋੜ੍ਹੀ ਵਿਮੁਖਤਾ ਆ ਗਈ ਸੀ ਪਰ ਜੈਨੀਆਂ ਦੇ ਸਾਧਨਾਂ ਅਤੇ ਬੋਧੀਆਂ ਦੇ ਤਪ ਅਤੇ ਤਿਆਗ ਦੇ ਸਦਕਾ ਬੋਧੀਆਂ ਦੇ ਬੋਧ ਧਰਮ ਦਾ ਝੰਡਾ ਭਿਕਸ਼ੂਆਂ ਦੁਆਰਾ ਝੁਲਾਇਆ ਹੀ ਗਿਆ ਸੀ। ਜੱਟ ਜਾਤੀਆਂ ਦਾ ਧਰਮ ਭਾਵੇਂ ਪੂਰਵਤ ਸਭ ਪ੍ਰਕਾਰ ਦੇ ਧਰਮਾਂ ਤੋਂ ਵੱਖਰਾ ਸੀ ਪਰ ਹਿੰਦੂ ਧਰਮ ਦਾ ਖਾਸ ਅੰਗ ਅੰਧ ਵਿਸ਼ਵਾਸੀ ਪ੍ਰਥਾ ਫਿਰ ਵੀ ਥੋੜ੍ਹੀ ਬਹੁਤੀ ਲਾਗੂ ਸੀ, ਜੋ ਮਾਲਕ ਗਣ ਤੱਕ ਵੀ ਲਾਗੂ ਰਹੀ। ਇਸ ਮੁਸਲਮਾਨੀ ਰਾਜ ਸਮੇਂ ਜੋ ਮੁਸਲਮਾਨੀ ਧਰਮ ਨੀਤੀ ਜਿਵੇਂ ਇਥੇ ਲਾਗੂ ਹੋਈ ਸ਼ਾਇਦ ਇਸ ਤੋਂ ਵੱਧ ਇਥੇ ਕੋਈ ਹੋਰ ਦਮਨ ਵਾਲੀ ਨੀਤੀ ਲਾਗੂ ਨਹੀਂ ਹੋਈ ਸੀ। ਜੇ ਮੁਸਲਮਾਨੀ ਧਰਮ ਦੀ ਕੱਟੜਤਾ ਵਾਲੀ ਨੀਤੀ ਲਾਗੂ ਹੋਈ ਤਾਂ ਅਮੀਰ ਖੁਸਰੋ, ਮੁਹੰਮਦ ਤੁਗਲਕ ਬਾਦਸ਼ਾਹ ਦੇ ਬਾਬਤ ਲਿਖਦਾ ਹੈ ਕਿ ਇਸ ਬਾਦਸ਼ਾਹ ਵਰਗਾ ਧਰਮ ਵਿਚ ਕੱਟੜ ਹੋਰ ਕੋਈ ਨਹੀਂ ਹੋਇਆ।



ਇਸ ਦੇ ਕਿਲੇ ਮੂਹਰੇ ਹਰ ਰੋਜ਼ ਇਕ ਹਜ਼ਾਰ ਹਿੰਦੂ ਦੀ ਲੋਥ ਅਤੇ 200 ਜਲਾਦ ਹਮੇਸ਼ਾ ਹਾਜ਼ਰ ਰਹਿੰਦੇ ਸਨ। ਚਾਰ ਪਹਿਰ ਤੋਂ ਬਾਦ ਪੁਰਾਣੇ ਮੁਰਦੇ ਉਠਾ ਕੇ ਨਵੇਂ ਉਸ ਜਗ੍ਹਾ ਸੁੱਟ ਦਿੱਤੇ ਜਾਂਦੇ ਸਨ। ਤਾਰੀਖ਼ ਫਰਿਸ਼ਤਾ ਲਿਖਦਾ ਹੈ ਕਿ ਜਦ ਮੁਸਲਮਾਨੀ ਧਰਮ ਦੇ ਕੱਟੜਾਂ ਨੇ ਕਾਂਗੜਾ ਫਤਿਹ ਕੀਤਾ ਤਾਂ ਮੰਦਰਾਂ ਵਿਚਲੀਆਂ ਮੂਰਤੀਆਂ ਨੂੰ ਤੋੜ ਕੇ ਗਊ ਦੇ ਕੱਚੇ ਮਾਸ ਵਿਚ ਮੜ੍ਹਾ ਦਿੱਤੀਆਂ ਗਈਆਂ। ਦਸ ਹਜ਼ਾਰ ਹਿੰਦੂਆਂ ਨੂੰ ਜਬਰੀ ਗਊ ਦਾ ਮਾਸ ਖੁਆਇਆ ਗਿਆ ਸੀ। ਬਾਬਰ ਸ਼ਾਹ ਤੋਜ਼ਕ ਬਾਬਰੀ ਵਿਚ ਲਿਖਦਾ ਹੈ ਕਿ ਮੈਂ ਆਪਣੇ ਧਰਮ ਦੀ ਫਤਿਹ ਵਾਸਤੇ ਕਾਫਰਾਂ ਦੇ ਪਿੰਡਾਂ ਨੂੰ ਅੱਗਾਂ ਲਾਉਂਦਾ ਹਾਂ। ਜੋ ਕਾਫਰ ਫੜਦਾ ਹਾਂ ਉਹਨਾਂ ਨੂੰ ਕਤਲ ਕਰਦਾ ਹਾਂ ਅਤੇ ਬਹਿਸ਼ਤ ਦਾ ਉਮੀਦਵਾਰ ਬਣਦਾ ਹਾਂ। ਤਵਾਰੀਖ ਸਿੰਧ ਵਿਚ ਮੁਹੰਮਦ ਮੂਸਾ ਲਿਖਦਾ ਹੈ ਕਿ ਜਦ ਮੁਹੰਮਦ ਕਾਸਮ ਨੇ ਬ੍ਰਾਹਮਣਵਾਦ ਨੂੰ ਬਰਬਾਦ ਕਰਕੇ ਆਪਣੇ ਧਰਮ ਦੇ ਝੰਡੇ ਝੁਲਾਏ ਸਨ ਤਾਂ ਦਸ ਹਜ਼ਾਰ ਹਿੰਦੂਆਂ ਦਾ ਕਤਲ ਕੀਤਾ ਗਿਆ ਸੀ। ਮੀਰ ਮਸੂਮ ਤਬਕਾਤ ਨਾਸਰੀ ਵਿਚ ਲਿਖਦਾ ਹੈ ਕਿ ਇਹ ਸਾਰਾ ਕੁਝ ਸਾਡੇ ਧਰਮ ਦੀ ਪਕਿਆਈ ਅਤੇ ਸ਼ਰ੍ਹਾ ਦੇ ਅਸੂਲ ਹਨ। ਸਿਕੰਦਰ ਲੋਧੀ ਲਿਖਦਾ ਹੈ ਕਿ ਮੈਂ ਆਪਣੇ ਧਰਮ ਦੀ ਪਕਿਆਈ ਅਤੇ ਆਪਣੀ ਸ਼ਰ੍ਹਾ ਨੂੰ ਲਾਗੂ ਕਰਨ ਲਈ ਚਾਰ ਲੱਖ ਬੱਤੀ ਹਜ਼ਾਰ ਮੋਮਨ ਅਤੇ ਦੋ ਲੱਖ ਤ੍ਰਿਪਨ ਹਜ਼ਾਰ ਹਿੰਦੂਆਂ ਨੂੰ ਕਤਲ ਕੀਤਾ ਸੀ। ਮੁਸਲਮਾਨ ਧਰਮ ਦੇ ਪੈਰੋਕਾਰ ਧਰਮ ਤੋਂ ਹੀਣ ਪਰਜਾ ਨੂੰ ਦੁੱਖ ਦੇਣ ਤੋਂ ਇਲਾਵਾ ਜਗਿਆਸੂ ਭਗਤਾਂ ਦੀ ਆਤਮਿਕ ਜਗਿਆਸਾ ਨੂੰ ਵੀ ਵੰਗਾਰਦੇ ਰਹੇ ਹਨ। ਮੁਸਲਮਾਨੀ ਧਰਮ ਦਾ ਸਮਾਂ ਇਕ ਦਮਨਕਾਰੀ ਨੀਤੀ ਦਾ ਸਮਾਂ ਸੀ। ਇਕ ਧਰਮ ਨੂੰ ਲਾਗੂ ਕੀਤਾ ਜਾ ਰਿਹਾ ਸੀ ਅਤੇ ਦੂਜੇ ਧਰਮ ਨੂੰ ਖਤਮ ਕੀਤਾ ਜਾ ਰਿਹਾ ਸੀ। ਧਰਮ ਰੂਪਧਾਰੀ ਜ਼ਬਰੀ ਅਧਰਮ ਨੂੰ ਸਵੀਕਾਰ ਕਰ ਰਹੇ ਸਨ।

(ਚਲਦਾ)

# ਰਿਸ਼ਤਾ ਕਰਵਾ ਕੇ ਦੋਵਾਂ ਪਰਿਵਾਰਾਂ ਨੂੰ ਮਿਲਾ ਦੇਣਾ ਵੱਡਾ ਪੁੰਨ ਹੈ 'ਜਗਤਾਰ ਸਿੰਘ ਪਰਮਿਲ'

ਇਨਸਾਨ ਹਮੇਸ਼ਾ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਜਿਸ ਕਾਰਨ ਕੋਈ ਨਾ ਕੋਈ ਨਵੀਂ ਚੀਜ਼ ਉਤਪੰਨ ਹੋ ਹੀ ਜਾਂਦੀ ਹੈ। ਸਮੇਂ ਅਨੁਸਾਰ ਤਾਂ ਚਾਹੇ ਹਰੇਕ ਚੀਜ਼ ਵਿਚ ਤਬਦੀਲੀ ਆਉਂਦੀ ਹੀ ਰਹਿੰਦੀ ਹੈ। ਪਰ ਇਕ ਇਨਸਾਨ ਵੱਲੋਂ ਕੁਝ ਵੱਖਰੀ ਚੀਜ਼ ਪੇਸ਼ ਕਰ ਦੇਣੀ, ਉਸ ਇਨਸਾਨ ਦਾ ਗੁਣ ਹੀ ਹੈ। ਵਿਗਿਆਨ ਦੀ ਤਰ੍ਹਾਂ ਸਾਹਿਤ ਵਿਚ ਵੀ ਕਈ ਤਰ੍ਹਾਂ ਦੇ ਤਜ਼ਰਬੇ ਹੁੰਦੇ ਆਏ ਹਨ। ਜਿਸ ਦੇ ਫਲਸਰੂਪ ਕਵਿਤਾ, ਨਾਟਕ, ਸ਼ੇਅਰ, ਕਹਾਣੀ, ਆਰਟੀਕਲ ਆਦਿ ਦੇ ਰੂਪ ਵਿਚ ਵੀ ਤਬਦੀਲੀ ਹੁੰਦੀ ਆਈ ਹੈ। ਡਾ. ਜਗਤਾਰ ਸਿੰਘ 'ਪਰਮਿਲ' ਅਜਿਹੀਆਂ ਤਬਦੀਲੀਆਂ ਕਰਨ ਵਾਲਿਆਂ ਵਿਚੋਂ ਹੀ ਇਕ ਨਾਮ ਉਭਰ ਕੇ ਸਾਹਮਣੇ ਆ ਰਿਹਾ ਹੈ।

ਵੱਡੇ ਵੀਰ ਜਗਤਾਰ ਸਿੰਘ ਨੇ ਜਦ ਮੈਗਜ਼ੀਨ 'ਮਹਿਕ ਵਤਨ ਦੀ' ਵਿਚ ਛਪਾਉਣ ਲਈ ਆਪਣੇ ਸ਼ੇਅਰ, ਨਜ਼ਮਾਂ ਤੇ ਗੀਤ ਮੈਨੂੰ ਦਿਖਾਏ ਤਾਂ ਮੈਂ ਉਨ੍ਹਾਂ ਰਚਨਾਵਾਂ ਨੂੰ ਦੇਖ ਕੇ ਦੰਗ ਰਹਿ ਗਿਆ। ਬਹੁਤ ਵੱਡਾ ਭੰਡਾਰ ਪਿਆ ਸੀ ਉਸ ਕੋਲ ਰਚਨਾਵਾਂ ਦਾ ਖਾਸ ਕਰਕੇ ਉਸ ਦੇ ਸ਼ੇਅਰਾਂ ਵਿਚ ਇਕ ਖਾਸੀਅਤ ਹੈ ਕਿ ਉਸ ਨੇ 'ੳ' ਤੋਂ ਲੈ ਕੇ 'ਲ' ਤੱਕ ਅਤੇ 'ਏ' ਤੋਂ ਲੈ ਕੇ 'ਜ਼ੈਡ' ਤੱਕ ਇਕ-ਇਕ ਅੱਖਰ ਉੱਤੇ ਸ਼ੇਅਰ ਲਿਖੇ ਹਨ। ਇਸ ਤੋਂ ਇਲਾਵਾ ਜਗਤਾਰ ਦੀਆਂ ਰਚਨਾਵਾਂ ਰੌਚਿਕ ਤੇ ਸਰਲ ਹਨ। ਜ਼ਿੰਦਗੀ ਦੀ ਹਕੀਕਤ ਨੂੰ ਅਰਥਾਂ ਵਿਚ ਉਜਾਗਰ ਕਰਦੀਆਂ ਹਨ ਤੇ ਨਿਡਰ ਹੋ ਕੇ ਲਿਖੀਆਂ ਹੋਈਆਂ ਹਨ। ਨਿੱਕੇ ਆਕਾਰ ਵਿਚ ਡੂੰਘੇ ਦਰਦ ਤੇ ਸੰਤਾਪ ਵਿਚ ਲਿਖੀਆਂ ਰਚਨਾਵਾਂ ਬੇਵਫ਼ਾਈ ਨੂੰ ਚੰਗਾ ਡੰਗ ਮਾਰਨ ਵਾਲੀਆਂ ਹਨ।

ਇਹ ਫਾਲਤੂ ਗੱਲ ਨਹੀਂ ਕਰਦੀਆਂ ਸਗੋਂ ਸਰਲਤਾ ਵਿਚ ਹੋਣ ਕਾਰਨ ਆਮ ਪਾਠਕਾਂ ਨੂੰ ਭਰਪੂਰ ਮਨੋਰੰਜਨ ਦਿੰਦੀਆਂ ਹਨ। ਡਾ. ਜਗਤਾਰ ਸਿੰਘ ਦੀਆਂ ਇੰਨਈਆਂ ਰਚਨਾਵਾਂ ਮੈਗਜ਼ੀਨ ਵਿਚ ਛਪਾਉਣੀਆਂ ਅਸੰਭਵ ਸਨ ਇਸੇ ਲਈ ਡਾ. ਜਗਤਾਰ ਸਿੰਘ ਦੇ ਅਣਫੋਲੇ ਵਰਕਿਆਂ ਨੂੰ ਕਿਤਾਬ ਦਾ ਰੂਪ ਦੇਣ ਦਾ ਫੈਸਲਾ ਕੀਤਾ। ਸੋ ਸੱਜਣਾਂ ਮਿੱਤਰਾਂ ਦੇ ਸਹਿਯੋਗ ਸਦਕਾ ਡਾ. ਜਗਤਾਰ ਸਿੰਘ ਦੀਆਂ ਰਚਨਾਵਾਂ ਦੀ ਕਿਤਾਬ 'ਪਰਮਿਲ ਦੇ ਫੁੱਲ' ਦੇ ਰੂਪ ਵਿਚ ਤੁਹਾਨੂੰ ਪੇਸ਼ ਕੀਤੀ। ਜਗਤਾਰ ਦੀ ਇਹ ਕਿਤਾਬ ਕੁਝ ਗਿਣੇ ਚੁਣਵੇਂ ਸਾਹਿਤਾਰਾਂ ਦੇ ਟੇਬਲ 'ਤੇ ਹੀ ਨਹੀਂ ਪਹੁੰਚੀ ਸਗੋਂ ਪਾਠਕਾਂ ਵੀ ਇਸ ਦਾ ਭਰਪੂਰ ਲੁਤਫ਼ ਉਠਾਇਆ।

ਜੇਕਰ ਜਗਤਾਰ ਵੀਰ ਦੀ ਨਿੱਜੀ ਜ਼ਿੰਦਗੀ ਤੇ ਝਾਤ ਮਾਰੀਏ ਤਾਂ ਉਹ ਇਕ ਚੰਗਾ ਸਾਹਿਤਕਾਰ ਹੀ ਨਹੀਂ ਬਲਕਿ ਇਕ ਚੰਗਾ ਪਤੀ ਤੇ ਪਿਤਾ ਵੀ ਹੈ। ਜਿਸ ਨੂੰ ਪਰਿਵਾਰ ਦੀਆਂ ਆਸਾਵਾਂ, ਮਾਨਸਾਵਾਂ ਦਾ ਪੂਰਨ ਖਿਆਲ ਹੈ। ਜਗਤਾਰ ਅਜਿਹਾ ਮਿਲਣਸਾਰ ਸਮਾਜਿਕ ਪ੍ਰਾਣੀ ਹੈ ਜੋ ਸੱਚ ਤੇ ਨਿਡਰ ਹੋ ਕੇ ਡਟ ਜਾਂਦਾ ਹੈ ਇਹ ਉਸ ਦੀ ਬਹੁਤ ਵੱਡੀ ਖਾਸੀਅਤ ਹੈ ਕਿ ਉਹ ਹਮੇਸ਼ਾ ਸੱਚ ਤੇ ਪਹਿਰਾ ਦਿੰਦਾ ਹੈ ਚਾਹੇ ਸਿਰ ਕਟਵਾਉਣਾ ਹੀ ਪੈ ਜਾਵੇ। ਦੂਜਿਆਂ ਲਈ ਕੁਰਬਾਨੀ ਦੇਣਾ ਇਸ ਦੇ ਜੀਵਨ ਦਾ ਆਧਾਰ ਬਣ ਚੁੱਕਾ ਹੈ। ਮਿਹਨਤ ਇਸ ਦੀ ਇਬਾਦਤ ਹੈ ਅਤੇ ਇਮਾਨਦਾਰੀ ਇਸ ਦੀ ਸੇਵਾ।

ਜੇਕਰ ਜਗਤਾਰ ਸਿੰਘ ਦੇ ਪ੍ਰੋਫੈਸ਼ਨ ਦੀ ਗੱਲ ਕਰੀਏ ਤਾਂ ਉਹ ਰਿਸ਼ਤੇ ਕਰਵਾਉਣ ਦਾ ਕੰਮ ਕਰਦਾ ਹੈ। ਪਹਿਲਾਂ ਪਹਿਲ ਲੋਕ ਰਿਸ਼ਤਾ ਕਰਵਾਉਣ ਵਾਲੇ ਵਿਚੋਲੇ ਦੀ ਪੂਰੀ ਇੱਜ਼ਤ ਕਰਦੇ ਸਨ ਉਹਨਾਂ ਪੁੰਨ ਸਮਝਦੇ ਸਨ, ਉਹਦਾ ਧੰਨਵਾਦ ਕਰਦੇ ਸਨ ਕਿਉਂਕਿ ਉਸ ਸਮੇਂ ਜੋ



ਵਿਚੋਲਾ ਕਰ ਦਿੰਦਾ ਸੀ ਸਭ ਠੀਕ ਸਮਝਿਆ ਜਾਂਦਾ ਸੀ ਪਰ ਅੱਜ ਕੁਝ ਲੋਕਾਂ ਨੇ ਇਸ ਨੂੰ ਧੰਦਾ ਬਣਾ ਲਿਆ ਹੈ ਬਿਜ਼ਨਸ ਬਣਾ ਲਿਆ ਹੈ। ਪਰ ਮੈਂ ਜਦੋਂ ਕੋਈ ਵੀ ਰਿਸ਼ਤਾ ਕਰਵਾਉਂਦਾ ਹਾਂ ਆਵਦੇ ਬੱਚਿਆਂ ਵੱਲ ਵੇਖਦਾ ਹਾਂ ਕਿ ਕੋਈ ਗਲਤ ਚੁੱਕਿਆ ਕਦਮ ਮੇਰੇ ਬੱਚਿਆਂ ਦੇ ਅੱਗੇ ਨਾ ਆਵੇ ਮੈਂ ਜ਼ਿਆਦਾਤਰ ਆਪਣੇ ਕੈਰੀਅਰ ਨੂੰ ਪਹਿਲ ਦਿੱਤੀ ਹੈ ਪੈਸੇ ਨੂੰ ਪਹਿਲ ਨਹੀਂ ਦਿੱਤੀ। ਮੈਂ ਜਿਹੜਾ ਰਿਸ਼ਤਾ ਕਰਵਾਉਂਦਾ ਹਾਂ ਖੁਸ਼ੀ ਨਾਲ ਉਨ੍ਹਾਂ ਦੋਵਾਂ ਪਰਿਵਾਰਾਂ ਵਿਚ ਬਾਅਦ ਵਿਚ ਵੀ ਮੇਰਾ ਆਉਣ ਜਾਣ ਬਣਿਆ ਰਹਿੰਦਾ ਹੈ।

ਮੈਂ ਦੋਵਾਂ ਪਰਿਵਾਰਾਂ ਨੂੰ ਵਿਸ਼ਵਾਸ ਵਿਚ ਲੈ ਕੇ ਕੁੜੀ ਮੁੰਡੇ ਨੂੰ ਇਕੱਠਿਆਂ ਬਿਠਾ ਕੇ ਗੱਲਬਾਤ ਕਰਕੇ ਸੋਚ ਵਿਚਾਰ ਕੇ ਰਿਸ਼ਤਾ ਕਰਵਾਉਂਦਾ ਹਾਂ ਇਹ ਸ਼ਬਦ ਜਗਤਾਰ ਸਿੰਘ ਪਰਮਿਲ ਨੇ ਇਕ ਗੱਲਬਾਤ ਕਰਦਿਆਂ ਕਹੇ।

ਜਗਤਾਰ ਸਿੰਘ ਪਰਮਿਲ ਦਾ ਜਨਮ ਪਿਤਾ ਸਰਦਾਰ ਸੁਦਾਗਰ ਸਿੰਘ ਦੇ ਘਰ ਮਾਤਾ ਸ੍ਰੀਮਤੀ ਜਸਵੰਤ ਕੌਰ ਦੀ ਕੁੱਖੋਂ ਪਿੰਡ ਨਾਹਲ ਖੋਟੇ ਵਿਚ ਹੋਇਆ।

ਜਗਤਾਰ ਸਿੰਘ ਨੇ ਉਨੀ ਸੌ ਸਤਾਨਵੇਂ (1997) ਦੇ ਵਿਚ ਦੋਸਤ ਬਲਵੀਰ ਸਿੰਘ ਮੰਡੀ ਬੋਰਡ, ਚੰਦ ਨਵਾਂ, ਦਿਲਬਾਗ ਸਿੰਘ ਕਾਨੂੰਗੋ ਚੜਿੱਕ, ਮਲਕੀਤ ਸਿੰਘ ਬਰਾੜ ਬਾਘਾ ਪੁਰਾਣਾ, ਦਿਲਬਾਗ ਸਿੰਘ ਪ੍ਰਧਾਨ ਮਹਿਣਾ ਦੀ ਪ੍ਰੇਰਣਾ ਤੇ ਆਪਣਾ ਦਫ਼ਤਰ ਖੋਲ੍ਹਿਆ ਤੇ ਉਦੋਂ ਤੋਂ ਲੈ ਕੇ ਅੱਜ ਤੱਕ ਢਾਈ ਸੌ ਤੋਂ ਵੱਧ ਰਿਸ਼ਤੇ ਪੰਜਾਬ ਇੰਡੀਆ ਅਤੇ ਬਾਹਰਲੇ ਮੁਲਕ ਕੈਨੇਡਾ, ਅਮਰੀਕਾ, ਮਨੀਲਾ, ਇੰਗਲੈਂਡ, ਆਸਟ੍ਰੇਲੀਆ ਵਿਚ ਕਰਵਾ ਚੁੱਕਾ ਹੈ। ਜਦ ਜਗਤਾਰ ਜੀ ਨੂੰ ਇਹ ਪੁੱਛਿਆ ਗਿਆ ਕਿ ਪਹਿਲਾਂ ਪਹਿਲ ਲੋਕ ਵਿਚੋਲਾ ਬਣ ਕੇ ਰਿਸ਼ਤੇ ਕਰਵਾਉਂਦੇ ਸੀ ਤੇ ਅੱਜ ਉਹ ਕੰਮ ਏਜੰਟਾਂ ਨੇ ਲੈ ਲਿਆ ਹੈ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਗੁਲਾਮੀ ਵਾਲਾ ਜੀ ਰਿਸ਼ਤੇ ਪੁੰਨ ਸਮਝ ਕੇ ਕਰਵਾਏ ਜਾਂਦੇ ਨੇ, ਏਜੰਟ ਬਣ ਕੇ ਜ਼ਿਆਦਾ ਪੈਸੇ ਲੈ ਕੇ ਕਰਵਾਉਣੇ ਚੰਗੇ ਕੰਮ ਨਹੀਂ ਜਦ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕਿੰਨੀਆਂ ਕੁ ਮੁਸ਼ਕਲਾਂ ਆਉਂਦੀਆਂ ਨੇ ਇਸ ਕੰਮ ਵਿਚ ਤਾਂ ਪਰਮਿਲ ਦਾ ਕਹਿਣਾ ਸੀ ਕਿ ਪਹਿਲਾਂ ਪਹਿਲ ਬੂਟਾ ਜੀ ਕਈ ਮੁਸ਼ਕਲਾਂ ਆਈਆਂ ਲੋਕ ਪਹਿਲਾਂ ਸੱਚ ਨੀ ਸੀ ਦੱਸਦੇ ਹੁੰਦੇ ਫਿਰ ਹੁਣ ਜਿਵੇਂ-ਜਿਵੇਂ ਆਪਣਾ ਤਜ਼ਰਬਾ ਵਧ ਗਿਆ ਉਵੇਂ-ਉਵੇਂ ਹੁਣ ਦੋਵਾਂ ਧਿਰਾਂ ਨੂੰ ਸਾਰਾ ਕੁਝ ਪੁੱਛ ਕੇ ਮੁੰਡੇ ਕੁੜੀ ਨੂੰ ਇਕੱਠਿਆਂ ਬਿਠਾ ਕੇ ਫਿਰ ਰਿਸ਼ਤਾ ਸਿਰੇ ਲਾਉਂਦਾ ਹਾਂ।

ਇਕ ਸੁਆਲ ਦੇ ਜੁਆਬ ਵਿਚ ਜਗਤਾਰ ਸਿੰਘ ਨੇ ਕਿਹਾ ਕਿ ਬੂਟਾ ਜੀ ਪਹਿਲਾਂ ਪਹਿਲਾਂ ਕੁਝ ਜੋੜੀਆਂ ਦੋ ਚਾਰ ਜੋੜੀਆਂ ਟੁੱਟੀਆਂ ਵੀ ਸੀ ਵਿਆਹ ਤੋਂ ਬਾਅਦ ਬਾਹਰ ਜਾ ਕੇ ਉਹ ਵੀ ਉਨ੍ਹਾਂ ਦੇ ਆਪਸੀ ਝਗੜੇ ਕਾਰਨ ਮੇਰੇ ਕਰਕੇ ਨਹੀਂ ਮੈਂ ਤਾਂ ਹਮੇਸ਼ਾ ਕਰਵਾਏ ਹੋਏ ਰਿਸ਼ਤਿਆਂ ਦੇ ਵਿਆਹ ਵਿਚ ਖੁਸ਼ੀ-ਖੁਸ਼ੀ ਭੰਗੜੇ ਵੀ ਪਾਉਂਦਾ ਹਾਂ।

ਮੈਨੂੰ ਲੋਕ ਫ਼ੋਨ ਕਰਦੇ ਨੇ ਰਿਸ਼ਤਾ ਕਰਵਾਉਣ ਲਈ ਕਹਿੰਦੇ ਹਨ। ਅੱਜਕਲ੍ਹ ਜਗਤਾਰ ਸਿੰਘ ਪਰਮਿਲ ਆਪਣੀ ਪਤਨੀ ਕਮਲਪ੍ਰੀਤ ਕੌਰ, ਬੇਟਾ (ਪ੍ਰੀਤ ਮਨਰਾਜ) ਜਸ਼ਨਪ੍ਰੀਤ ਸਿੰਘ, ਬੇਟੀ ਜਸਕਰਨਪ੍ਰੀਤ ਕੌਰ ਦੇ ਨਾਲ ਆਪਣੇ ਪਿੰਡ ਨਾਹਲ ਖੋਟੇ ਜ਼ਿਲ੍ਹਾ ਮੋਗਾ ਵਿਖੇ ਰਹਿ ਰਿਹਾ ਹੈ। ਉਸ ਦਾ ਸੰਪਰਕ ਨੰਬਰ - 9855688072

Scanned with CamScanner

# ਅਲਵਿਦਾ ਢਾਡੀ ਸਾਧੂ ਸਿੰਘ ਧੰਮੂ...



## ਢਾਡੀ ਸਾਧੂ ਸਿੰਘ ਧੰਮੂ ਨੂੰ ਸ਼ਰਧਾਂਜਲੀ ਭੇਟ



ਯਾਦਾਂ ਆਉਂਦੀਆਂ ਭੁੱਲ ਜਹਾਨ ਜਾਂਦਾ, ਜਦੋਂ ਖੜਕਦੀ ਮੌਤ ਦੀ ਤਾਰ ਧੰਮੂ।
ਸਾਹਮਣੇ ਕਰਾਂ ਦੀਦਾਰ ਉਹ ਅੱਖ ਹੈਨੀ, ਫੋਟੋ ਹਿਰਦੇ ਮੇ ਹੈ ਬਰਕਰਾਰ ਧੰਮੂ।
ਸੂਰਜ ਗਿਆਨ ਦਾ ਛਿਪ ਗਿਆ ਇੱਕ ਲੋਕੋ, ਥਿਆਉਣਾ ਨਹੀਂ ਯਾਰਾ ਦਾ ਯਾਰ ਧੰਮੂ।
'ਜੀਵਨ' ਸਦਾ ਲਈ ਅਮਰ ਹੋ ਗਿਆ ਏ, ਗੁਰਮੱਤ ਦਾ ਕਰ ਪ੍ਰਚਾਰ ਧੰਮੂ।

**ਅਲਵਿਦਾ ਢਾਡੀ ਸਾਧੂ ਸਿੰਘ ਧੰਮੂ**



ਗੁਰੂ ਦੇ ਭਾਣੇ ਵਿੱਚ :

**ਕਵੀਸ਼ਰ ਭਾਈ ਜਗਜੀਵਨ ਸਿੰਘ ਰੋਡਿਆ ਵਾਲੇ**

ਸੰਪਰਕ : 99887-28588

## ਢਾਡੀ ਧੰਮੂ ਜੀ ਨੂੰ ਦਿਲੀ ਸ਼ਰਧਾਂਜਲੀ



ਸੁਝਵਾਨ ਬੜਾ ਮਿੱਠ ਬੋਲੜੇ ਸੁਭਾਅ ਵਾਲਾ,
ਬੜੀ ਗਹਿਰੀ ਕਾਵਿ ਦਾ ਲਿਖਾਰੀ ਸਾਧੂ ਸਿੰਘ ਸੀ।
ਰਾਗੀ ਪਾਠੀ ਢਾਡੀ ਕਵੀ ਖੋਜੀ ਇਤਿਹਾਸ ਦਾ ਉਹ,
ਸੇਵਾਦਾਰ ਕੌਮੀ ਉਪਕਾਰੀ ਸਾਧੂ ਸਿੰਘ ਸੀ।
ਲੋੜਵੰਦ ਦੁਖੀਆਂ ਦੇ ਘਰ-ਘਰ ਜਾ ਕੇ ਉਹੋ,
ਬਣ ਜਾਂਦਾ ਦਿਲੋਂ ਹਿਤਕਾਰੀ ਸਾਧੂ ਸਿੰਘ ਸੀ।
ਬੜਾ ਵੱਡਾ ਘਾਟਾ ਪਾ ਕੇ ਰੋਂਦਿਆਂ ਨੂੰ ਛੱਡ ਗਿਆ,
ਗਿਆ ਪੰਖੇਰੂ ਲਾ ਉਡਾਰੀ ਸਾਧੂ ਸਿੰਘ ਜੀ।



ਢਾਡੀ ਮਲਕੀਤ ਸਿੰਘ ਪੰਖੇਰੂ ਲੋਹਗੜ੍ਹ, ਸੰਪਰਕ : 94179-64871

ਅਨੇਕਾਂ ਗੁਣਾਂ ਦੀ ਗੁਥਲੀ, ਅੰਤਰ-ਰਾਸ਼ਟਰੀ ਢਾਡੀ ਅਤੇ 'ਮਹਿਕ ਵਤਨ ਦੀ ਲਾਈਵ' ਬਿਓਰੋ ਮੈਗਜ਼ੀਨ ਦੇ ਧਾਰਮਿਕ ਸੰਪਾਦਕ **ਢਾਡੀ ਸਾਧੂ ਸਿੰਘ ਧੰਮੂ** ਬਹੁਤ ਥੋੜ੍ਹੇ ਸਮੇਂ ਵਿਚ ਅਨੇਕਾਂ ਕਾਰਜ ਕਰ ਗਿਆ ਹੈ ਪਰ ਅਜੇ ਵੀ ਉਸ ਦੇ ਬਹੁਤ ਸਾਰੇ ਕਾਰਜ ਅਧੂਰੇ ਰਹਿ ਗਏ ਹਨ। ਉਹ ਬਹੁਤ ਜਲਦੀ ਸਾਡੇ ਤੋਂ ਵਿਛੜ ਗਿਆ। ਉਸ ਦੇ ਬੇਵਕਤ ਚਲੇ ਜਾਣ ਤੇ ਪੱਤਰਕਾਰੀ, ਢਾਡੀ ਜਗਤ, ਸਾਹਿਤ ਜਗਤ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਉਨ੍ਹਾਂ ਦੀ ਘਾਟ ਹਮੇਸ਼ਾ ਰੜਕਦੀ ਰਹੇਗੀ। ਗੁਰੂ ਮਹਾਰਾਜ ਧੰਮੂ ਸਾਹਿਬ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ।





ਗੁਰੂ ਦੇ ਭਾਣੇ ਵਿੱਚ :

**ਸਾਹਿਤਕਾਰ ਤੇਜਾ ਸਿੰਘ ਸ਼ੌਂਕੀ ਭਲੂਰ**

ਸੰਪਰਕ : 98726-34315

ਸਾਡੇ ਸਟਾਫ਼ ਦੇ ਮੈਂਬਰ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਧਾਰਮਿਕ ਸੰਪਾਦਕ **ਢਾਡੀ ਸਾਧੂ ਸਿੰਘ ਧੰਮੂ** ਜੋ ਸਾਨੂੰ ਬੇਵਕਤ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਬੇ-ਵਕਤ ਚਲੇ ਜਾਣ ਤੇ ਪੱਤਰਕਾਰੀ, ਢਾਡੀ ਜਗਤ, ਸਾਹਿਤ ਜਗਤ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਉਨ੍ਹਾਂ ਦੀ ਘਾਟ ਹਮੇਸ਼ਾ ਰੜਕਦੀ ਰਹੇਗੀ। ਗੁਰੂ ਮਹਾਰਾਜ ਧੰਮੂ ਸਾਹਿਬ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ।





ਵੱਲੋਂ : **ਲੋਕ ਚੇਤਨਾ ਕੇਂਦਰ**

**ਡਾ. ਜਗਤਾਰ ਸਿੰਘ ਪਰਮਿਲ**

(ਪ੍ਰ: ਗੀਤਕਾਰ ਅਤੇ ਮੈਰਿਜ ਸਲਾਹਕਾਰ)

ਪਿੰਡ ਨਾਹਲ ਖੋਟੇ (ਡਾਕ. ਤਾਰੇਵਾਲਾ), ਮੋਗਾ-142 001 (ਪੰਜਾਬ)

ਸੰਪਰਕ: 98556-88072

ਸਿੱਖ ਵਿਰੋਧੀ ਤਾਕਤਾਂ ਖਿਲਾਫ ਨਿਧੱੜਕ ਹੋ ਕੇ ਬੋਲਣ ਵਾਲੇ ਸਿੱਖ ਕੌਮ ਦੇ ਮਹਾਨ ਪ੍ਰਚਾਰਕ ਗਿਆਨੀ ਸਾਧੂ ਸਿੰਘ ਧੰਮੂ ਜਿਨ੍ਹਾਂ ਨੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਚੋਰੀ ਹੋਏ 328 ਸਰੂਪਾ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਲਈ ਲੱਗੇ ਹੋਏ 'ਪੰਥਕ ਹੋਕੇ' ਵਿੱਚ ਆਪਣੀਆਂ ਅਹਿਮ ਸੇਵਾਵਾ ਨਿਭਾਈਆਂ ਹਨ। ਅੱਜ ਉਹ ਗਿਆਨੀ ਸਾਧੂ ਸਿੰਘ ਧੰਮੂ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੀਆਂ ਸਿੱਖ ਪੰਥ ਲਈ ਨਿਭਾਈਆਂ ਸੇਵਾਵਾ ਹਮੇਸ਼ਾਂ ਯਾਦ ਰਹਿਣਗੀਆ। ਗੁਰੂ ਮਹਾਰਾਜ ਸਿੱਖ ਪੰਥ ਦੇ ਮਹਾਨ ਢਾਡੀ ਗਿਆਨੀ ਸਾਧੂ ਸਿੰਘ ਧੰਮੂ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖਸ਼ਣ ਅਤੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।



ਭਾਈ ਬਲਦੇਵ ਸਿੰਘ ਵਡਾਲਾ
ਮੁੱਖ ਸੇਵਾਦਾਰ
ਸਿੱਖ ਸਦਭਾਵਨਾ ਦਲ



ਵੱਲੋਂ: ਸਮੂੰਹ ਮੈਂਬਰ ਅਤੇ ਮੁੱਖ ਸੇਵਾਦਾਰ

**ਸਿੱਖ ਸਦਭਾਵਨਾ ਦਲ**

ਦੁਨੀਆਂ ਦੇ ਵਿੱਚ ਆ ਕੇ ਗੁਰ ਇਤਿਹਾਸ ਗਾ ਕੇ, ਨਾਮ ਚਮਕਾਇਆ ਢਾਡੀ ਸਾਧੂ ਸਿੰਘ ਧੰਮੂ ਨੇ।
ਕੌਮ ਦੀ ਹੈ ਸੇਵਾ ਵਿੱਚ ਤਨੋ ਮਨੋ ਦਿਲ ਲਾ ਕੇ, ਯੋਗਦਾਨ ਪਾਇਆ ਢਾਡੀ ਸਾਧੂ ਸਿੰਘ ਧੰਮੂ ਨੇ।
ਹਰ ਇੱਕ ਤਾਈਂ ਗੂੜ੍ਹਾ ਕਰਕੇ ਪਿਆਰ ਦਿਲੋਂ, ਰਿਸ਼ਤਾ ਨਿਭਾਇਆ ਢਾਡੀ ਸਾਧੂ ਸਿੰਘ ਧੰਮੂ ਨੇ।
ਆਖਦਾ ਹੈ ਬਾਗੀ ਅੱਜ ਵਿੱਛੜ ਕੇ ਸਾਡੇ ਕੋਲੋਂ, ਬਹੁਤ ਹੈ ਰਵਾਇਆ ਢਾਡੀ ਸਾਧੂ ਸਿੰਘ ਧੰਮੂ ਨੇ।



**ਅਲਵਿਦਾ ਢਾਡੀ ਸਾਧੂ ਸਿੰਘ ਧੰਮੂ**



**ਢਾਡੀ ਜੱਥਾ ਜਸਵਿੰਦਰ ਬਾਗੀ ਅਤੇ ਸਾਥੀ**

ਸੰਪਰਕ : 94632-93250

'ਮਹਿਕ ਵਤਨ ਦੀ ਲਾਈਵ' ਬਿਓਰੋ ਦਾ ਧਾਰਮਿਕ ਸੰਪਾਦਕ **ਢਾਡੀ ਸਾਧੂ ਸਿੰਘ ਧੰਮੂ** ਦਾ ਕੈਨੇਡਾ ਦਾ ਟੂਰ ਅਜੇ ਵੀ ਯਾਦਾਂ ਵਿਚ ਹੈ ਜਦ ਉਹ ਕੈਨੇਡਾ ਵਿਚ ਕੁਝ ਦਿਨ ਮੇਰੇ ਨਾਲ ਰਿਹਾ ਸੀ। ਪਤਾ ਨਹੀਂ ਸੀ ਕਿ ਬਾਈ ਸਰੀਰਕ ਤੌਰ 'ਤੇ ਸਾਨੂੰ ਇੰਨੀ ਜਲਦੀ ਛੱਡ ਜਾਵੇਗਾ। ਉਹ ਸਾਡੀਆਂ ਯਾਦਾਂ ਵਿਚ ਹਮੇਸ਼ਾ ਰਹੇਗਾ।





**ਅਲਵਿਦਾ ਢਾਡੀ ਸਾਧੂ ਸਿੰਘ ਧੰਮੂ**

ਗਾਇਕ

**ਗੁਰਸੇਵਕ ਸਿੰਘ ਖੁਖਰਾਣਾ (ਕੈਨੇਡਾ)**

ਸੰਪਰਕ (001) 778-241-2148

'ਮਹਿਕ ਵਤਨ ਦੀ ਲਾਈਵ' ਨੂੰ ਅਣਗਿਣਤ ਸਪਲੀਮੈਂਟ ਦੇਣ ਵਾਲਾ ਸਖ਼ਸ਼ ਅੱਜ ਖੁਦ 'ਮਹਿਕ ਵਤਨ ਦੀ ਲਾਈਵ' ਦੇ ਸਪਲੀਮੈਂਟ ਦਾ ਸ਼ਿੰਗਰ ਬਣ ਗਿਆ। ਧੰਮੂ ਬਾਈ ਸਰੀਰਕ ਤੌਰ 'ਤੇ ਤਾਂ ਚਾਹੇ ਸਾਡੇ ਕੋਲੋਂ ਚਲਾ ਗਿਆ ਪਰ ਸਾਡੀਆਂ ਯਾਦਾਂ ਵਿਚ ਹਮੇਸ਼ਾ ਰਹੇਗਾ। **ਅਲਵਿਦਾ ਢਾਡੀ ਸਾਧੂ ਸਿੰਘ ਧੰਮੂ।**



ਮਹਿਕ ਵਤਨ ਦੀ 'Mehak Watan Di Live' ਲਾਈਵ

ਵੱਲੋਂ -
ਸਮੂੰਹ ਸਟਾਫ਼
'ਮਹਿਕ ਵਤਨ ਦੀ ਲਾਈਵ' ਬਿਓਰੋ




ਭਵਨਦੀਪ ਸਿੰਘ ਪੁਰਬਾ ਮੁੱਖ ਸੰਪਾਦਕ | ਭਾਗਵੰਤੀ ਪੁਰਬਾ ਉੱਪ-ਮੁੱਖ ਸੰਪਾਦਕ | ਕੁਲਵਿੰਦਰ ਤਾਰੇਵਾਲਾ ਸੰਪਾਦਕ | ਇਕਬਾਲ ਖੋਸਾ ਸਹਿ-ਸੰਪਾਦਕ | ਮਹਿੰਦਰ ਸਿੰਘ ਮੇਹਨਤੀ ਧਾਰਮਿਕ ਸੰਪਾਦਕ

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016

Scanned with CamScanner



ਧੰਨ ਧੰਨ ਸ਼ਹੀਦ ਬਾਬਾ ਤੇਗਾ ਸਿੰਘ ਜੀ


ੴ ਸਤਿਗੁਰ ਪ੍ਰਸਾਦਿ॥

ਗਰੀਬਾਂ ਲੋੜਵੰਦਾਂ ਦਾ ਸਹਾਰਾ ਜਾਣਿਆ ਜਾਂਦਾ
ਮਾਲਵੇ ਦਾ ਪ੍ਰਸਿੱਧ ਧਾਰਮਿਕ ਅਸਥਾਨ

## ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ

ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ

ਪਿੰਡ ਚੰਦ ਪੁਰਾਣਾ (ਮੋਗਾ) ਵਿਖੇ



ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ

# ਸਾਲਾਨਾ ਸ਼ਹੀਦੀ ਜੋੜ ਮੇਲਾ

## ਅਤੇ ਇਸ ਅਸਥਾਨ ਦੇ ਬਾਨੀ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਸਾਲਾਨਾ ਬਰਸੀ

**ਮਿਤੀ 20 ਮਾਰਚ 2022 ਦਿਨ ਐਤਵਾਰ 7 ਚੇਤ ਨੂੰ ਬੜੀ ਸ਼ਰਧਾ ਨਾਲ ਮਨਾਈ ਜਾ ਰਹੀ ਹੈ।**

ਨੋਟ - ਨਿਰੰਤਰ ਚੱਲ ਰਹੀ ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਭੋਗਾਂ ਉਪਰੰਤ ਸਵੇਰੇ 8.00 ਵਜੇ ਤੋਂ ਸ਼ਾਮ 4.00 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ।

ਜਿਸ ਵਿਚ ਪ੍ਰਸਿੱਧ ਕਥਾਵਾਚਕਾਂ, ਢਾਡੀ, ਰਾਗੀ ਤੇ ਸੰਤ ਮਹਾਂਪੁਰਖ ਸੰਗਤਾਂ ਨੂੰ ਗੁਰਇਤਿਹਾਸ ਸੁਣਾ ਕੇ ਨਿਹਾਲ ਕਰਨਗੇ।

ਇਸ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸਭ ਤੋਂ ਛੋਟੇ
**1 ਇੰਚ ਆਕਾਰ ਦੀ ਬੀੜ**
ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਣਗੇ।

ਸੋ ਆਪ ਸਭ ਸੰਗਤਾਂ ਨੇ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ।



ਮੁੱਖ ਸੇਵਾਦਾਰ

## ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣਾ

ਅਤੇ ਸਮੂਹ ਸੇਵਾਦਾਰ

ਸੰਪਰਕ ਨੰ: 98148-41305

Scanned with CamScanner